# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 42 SATURDAY, 16 OCTOBER, 2021

www.punjablinkpaper.com 604-503-5465




MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


ਅਦਾਰਾ 'ਪੰਜਾਬ ਲਿੰਕ' ਦੇ ਸਮੂਹ ਪਾਠਕਾਂ ਨੂੰ ਦੁਸਹਿਰੇ ਦੀਆਂ ਬਹੁਤ ਬਹੁਤ ਮੁਬਾਰਕਾਂ !

# ਨਵੰਬਰ ਦੇ ਪਹਿਲੇ ਹਫਤੇ ਖੁੱਲਣਗੇ ਕੈਨੇਡੀਅਨ ਯਾਤਰੀਆਂ ਲਈ ਅਮਰੀਕੀ ਬਾਰਡਰ

## ਯਾਤਰਾ ਲਈ ਮੁਕੰਮਲ ਟੀਕਾਕਰਣ ਜ਼ਰੂਰੀ

ਵਾਸ਼ਿੰਗਟਨ-ਅਮਰੀਕਾ ਕੋਵਿਡ-19 ਨੂੰ ਲੈ ਕੇ ਚਿੰਤਾਵਾਂ ਕਾਰਨ ਰਿਕਾਰਡ ਲੰਬਾ ਸਮਾਂ ਜ਼ਮੀਨੀ ਸਰਹੱਦ ਬੰਦ ਰੱਖੇ ਜਾਣ ਪਿੱਛੋਂ ਨਵੰਬਰ ਵਿਚ ਗੈਰ-ਜ਼ਰੂਰੀ ਯਾਤਰਾ ਲਈ ਜ਼ਮੀਨੀ ਤੇ ਸਮੁੰਦਰੀ ਸਰਹੱਦ ਖੋਲ੍ਹ ਦੇਵੇਗਾ। ਵਾਈਟ ਹਾਊਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਤੇ ਮੈਕਸੀਕੋ ਤੋਂ ਅਗਲੇ ਮਹੀਨੇ ਤੋਂ ਜ਼ਮੀਨੀ ਸਰਹੱਦ ਲਾਂਘੇ 'ਤੇ ਮੁਕੰਮਲ ਟੀਕਾਕਰਣ ਵਾਲੇ ਯਾਤਰੀਆਂ ਦਾ ਸਵਾਗਤ ਕੀਤਾ ਜਾਵੇਗਾ ਪਰ ਅਧਿਕਾਰੀਆਂ ਨੇ ਇਹ ਵਿਸ਼ੇਸ਼ ਰੂਪ ਵਿਚ ਨਹੀਂ ਦੱਸਿਆ ਕਿ ਕਿਹੜਾ ਟੀਕਾ ਸਵੀਕਾਰ ਕੀਤਾ ਜਾਵੇਗਾ ਜਾਂ ਰਲੀਆਂ ਮਿਲੀਆਂ ਖੁਰਾਕਾਂ ਯੋਗਤਾ ਟੈਸਟ ਨੂੰ ਪੂਰਾ ਕਰਨਗੀਆਂ ਜਾਂ ਨਹੀਂ। ਸੀਟੀਵੀ ਨਿਊਜ਼ ਨੇ ਵਾਈਟ ਹਾਊਸ ਦੇ ਅਧਿਕਾਰੀਆਂ ਨੂੰ ਪੁੱਛਿਆ ਕਿ ਕੀ ਕੋਵਿਡ-19 ਐਸਟਰਾਜ਼ੇਨਕਾ ਟੀਕਾ ਜਿਸ ਦੀ ਅਮਰੀਕਾ ਵਿਚ ਵਰਤੋਂ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ ਯਾਤਰਾ ਯੋਗਤਾ ਦਿਸ਼ਾ ਨਿਰਦੇਸ਼ਾਂ ਤਹਿਤ ਅਮਰੀਕਾ ਵਿਚ ਸਵੀਕਾਰ ਕਰੇਗਾ ਅਤੇ ਦੱਸਿਆ ਕਿ ਅਮਰੀਕਾ ਦਾ ਸੈਂਟਰਸ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਦਿਸ਼ਾ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਹੈ। ਇਸ ਸਮੇਂ ਇਸ ਦਾ ਕੋਈ ਪੱਕਾ ਜਵਾਬ ਨਹੀਂ। ਜਦੋਂ ਰਲੀਆਂ ਮਿਲੀਆਂ ਖੁਰਾਕਾਂ ਨੂੰ ਸਵੀਕਾਰ ਕਰਨ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਸ ਦਾ ਵੀ ਇਹੀ ਜਵਾਬ ਦਿੱਤਾ ਗਿਆ। ਅਮਰੀਕੀ ਸਰਹੱਦ ਵਿਖੇ ਗੈਰ-ਜ਼ਰੂਰੀ ਯਾਤਰਾ ਪਾਬੰਦੀਆਂ ਮਾਰਚ 2020 ਤੋਂ ਲਾਗੂ ਹਨ ਜਦੋਂ ਨੋਵਲ ਕੋਰੋਨਾਵਾਇਰਸ ਵਿਚ ਵਿਸ਼ਵ ਭਰ ਵਿਚ ਪਹਿਲੀ ਵਾਰ ਫੈਲਣਾ ਸ਼ੁਰੂ ਹੋਇਆ ਸੀ। ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਕਿ ਅਮਰੀਕਾ ਨੇ ਆਪਣੀ ਜ਼ਮੀਨੀ ਸਰਹੱਦ ਨੂੰ ਇੰਨਾ ਲੰਬਾ ਸਮਾਂ ਕਿਉਂ ਬੰਦ ਰੱਖਿਆ, ਇਸ ਮੁੱਦੇ ਨੂੰ ਲੈ ਕੇ ਦੋਵੇਂ ਸਨੋਅਬਰਡਸ ਤੇ ਟਰੈਵਲ ਇੰਡਸਟਰੀ ਲੜਦੇ ਰਹੇ ਹਨ। ਇਸ ਦੇ ਉਲਟ ਮੁਕੰਮਲ ਟੀਕਾਕਰਣ ਵਾਲੇ ਅਮਰੀਕੀਆਂ ਨੂੰ 9 ਅਗਸਤ ਤੋਂ ਗੈਰਜ਼ਰੂਰੀ ਕਾਰਨਾਂ ਲਈ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਹੈ।




# ਕੋਵਿਡ-19 ਬੂਸਟਰ ਦੀ ਬਹੁਤੇ ਕੈਨੇਡੀਅਨਾਂ ਨੂੰ ਅਜੇ ਲੋੜ ਨਹੀਂ- ਕੈਨੇਡੀਅਨ ਸਿਹਤ ਮਾਹਿਰ

ਓਟਵਾ-ਕੈਨੇਡੀਅਨ ਵਿਗਿਆਨੀਆਂ ਕਿਹਾ ਕਿ ਇਸ ਗੱਲ ਦੇ ਅਜੇ ਕੋਈ ਬਹੁਤੇ ਸਬੂਤ ਨਹੀਂ ਕਿ ਸਿਹਤਮੰਦ ਬਾਲਗਾਂ ਨੂੰ ਕੋਵਿਡ-19 ਬੂਸਟਰ ਦੀ ਲੋੜ ਹੈ ਹੈ ਅਤੇ ਟੀਕਾਕਰਣ ਦੀ ਤੀਸਰੀ ਖੁਰਾਕ ਤੁਰੰਤ ਸ਼ੁਰੂ ਕਰਨ ਦਾ ਚੰਗੇ ਨਾਲੋਂ ਜ਼ਿਆਦਾ ਨੁਕਸਾਨ ਹੋਵੇਗਾ। ਤੀਸਰੀ ਖ਼ੁਰਾਕ ਦਾ ਮੁੱਦੇ 'ਤੇ ਪਿਛਲੇ ਕੁਝ ਹਫ਼ਤਿਆਂ ਤੋਂ ਤੇਜ਼ ਬਹਿਸ ਛਿੜੀ ਹੋਈ ਹੈ ਕਿਉਂਕਿ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਕੁਝ ਟੀਕਾਕਰਣ ਵਾਲੇ ਵਿਅਕਤੀਆਂ ਦੀ ਕੋਵਿਡ-19 ਖਿਲਾਫ ਸੁਰੱਖਿਆ ਸਮਾਂ ਪੈ ਕੇ ਖਤਮ ਹੋਣੀ ਸ਼ੁਰੂ ਹੋ ਗਈ ਹੈ। ਨਵੇਂ ਸਬੂਤ ਦੀ ਰੋਸ਼ਨੀ ਵਿਚ ਕੈਨੇਡਾ ਦੀ ਟੀਕਾਕਰਣ ਬਾਰੇ ਕੌਮੀ ਸਲਾਹਕਾਰ ਕਮੇਟੀ ਨੇ ਹੁਣ ਸਿਫਾਰਸ਼ ਕੀਤੀ ਹੈ ਕਿ ਲੌਂਗ ਟਰਮ ਕੇਅਰ ਸਥਾਨਾਂ ਵਿਚ ਰਹਿੰਦੇ ਬਾਲਗਾਂ ਤੇ ਸੀਨੀਅਰਜ਼ ਜਿਨ੍ਹਾਂ ਦਾ ਟੀਕਾਕਰਣ ਹੋ ਚੁੱਕਾ ਹੈ ਨੂੰ ਇਹ ਯਕੀਨੀ ਬਣਾਉਣ ਲਈ ਕੋਵਿਡ-19 ਟੀਕੇ ਦੀ ਤੀਸਰੀ ਖੁਰਾਕ ਦਿੱਤੀ ਜਾਵੇ ਕਿ ਉਨ੍ਹਾਂ ਨੂੰ ਬਿਹਤਰ ਸੁਰੱਖਿਆ ਮਿਲੇ। ਕੁਝ ਸੂਬਿਆਂ ਨੇ ਤੀਸਰੀ


*(ਬਾਕੀ ਸਫ਼ਾ 10 'ਤੇ)*



For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜ਼ਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
604-841-6333

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟਿਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

**"Simpson, Thomas & Associates are a legal dream team. No other law firm could have fought this claim as it takes a lot of resources to fight a case of this nature."**

**– Former client commenting on the Jago wedding tragedy**

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

**"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."**

**– B.Sekhon**

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*

*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 42 SATURDAY, 16 OCTOBER, 2021
www.punjablinkpaper.com 604-503-5465



ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
1.00pm to 3:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


# ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਪੰਜਾਬ ਦੇ ਸਰਹੱਦੀ ਜ਼ਿਲਿਆਂ 'ਚ 50 ਕਿਲੋਮੀਟਰ ਤੱਕ ਕਾਰਵਾਈ ਦੇ ਅਧਿਕਾਰ

## • ਅਕਾਲੀ ਦਲ ਵਲੋ ਕੇਂਦਰ ਦੇ ਫੈਸਲੇ ਵਿਰੁੱਧ ਰੋਸ ਵਿਖਾਵਾ • ਚੰਨੀ ਸਰਕਾਰ ਨੇ ਵੀ ਵਿਰੋਧ ਜਿਤਾਇਆ

ਨਵੀ ਦਿੱਲੀ (ਦਿਓਲ)-ਕੇਂਦਰੀ ਗ੍ਰਹਿ ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਕੌਮਾਂਤਰੀ ਸਰਹੱਦਾਂ ਦੀ ਸੁਰੱਖਿਆ ਲਈ ਤਾਇਨਾਤ ਬਾਰਡਰ ਸੁਰੱਖਿਆ ਫੋਰਸ (ਬੀਐੱਸਐੱਫ) ਦਾ ਅਧਿਕਾਰ ਖੇਤਰ ਵਧਾਉਂਦਿਆਂ ਨੀਮ ਫੌਜੀ ਬਲ ਨੂੰ ਵਧੇਰੇ ਤਾਕਤਵਰ ਬਣਾ ਦਿੱਤਾ ਹੈ। ਮੰਤਰਾਲੇ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਬੀਐੱਸਐੱਫ ਨੂੰ ਪਹਿਲਾਂ ਸਰਹੱਦ ਤੋਂ ਕੇਵਲ 15 ਕਿਲੋਮੀਟਰ ਅੰਦਰ ਤੱਕ ਹੀ ਕਾਰਵਾਈ ਕਰਨ ਦਾ ਅਧਿਕਾਰ ਸੀ, ਜਦੋਂ ਕਿ ਹੁਣ ਨੀਮ ਫੌਜੀ ਬਲ ਦਾ ਅਧਿਕਾਰ ਖ਼ੇਤਰ ਜਾਂ ਕਾਰਵਾਈ ਖ਼ੇਤਰ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ। ਹੁਣ ਬੀਐੱਸਐੱਫ ਕੋਲ ਸਰਹੱਦ ਤੋਂ 50 ਕਿਲੋਮੀਟਰ ਅੰਦਰ ਤਕ ਪੁਲੀਸ ਵਾਂਗ ਹੀ ਨਿਗਰਾਨੀ, ਤਲਾਸ਼ੀ, ਛਾਪੇਮਾਰੀ, ਬਰਾਮਦ ਸਮੱਗਰੀ ਜ਼ਬਤ ਕਰਨ ਅਤੇ ਗ੍ਰਿਫ਼ਤਾਰੀਆਂ ਕਰਨ ਦੇ ਹੱਕ ਹੋਣਗੇ। ਕੇਂਦਰੀ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਹੁਕਮਾਂ ਵਿੱਚ ਬੀਐੱਸਐੱਫ ਨੂੰ ਸੀਆਰਪੀਸੀ, ਪਾਸਪੋਰਟ ਐਕਟ ਅਤੇ ਪਾਸਪੋਰਟ (ਐਂਟਰੀ ਟੂ ਇੰਡੀਆ) ਐਕਟ ਤਹਿਤ ਕਾਰਵਾਈ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਰਹੱਦੀ ਸੂਬਿਆਂ ਪੰਜਾਬ, ਪੱਛਮੀ ਬੰਗਾਲ, ਅਸਾਮ ਤੇ ਤ੍ਰਿਪੁਰਾ ਵਿੱਚ ਇਹ ਹੱਦ 15 ਕਿਲੋਮੀਟਰ ਤੱਕ ਸੀ। ਇਨ੍ਹਾਂ ਰਾਜਾਂ ਤੋਂ ਇਲਾਵਾ ਬੀਐੱਸਐੱਫ ਨੂੰ ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ, ਮਨੀਪੁਰ ਤੇ ਲੱਦਾਖ ਵਿੱਚ ਵੀ ਤਲਾਸ਼ੀ ਲੈਣ ਤੇ ਗ੍ਰਿਫ਼ਤਾਰੀ ਦੀ ਖੁੱਲ੍ਹ ਹੋਵੇਗੀ। ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪਿੱਤਰੀ ਰਾਜ ਗੁਜਰਾਤ ਵਿੱਚ ਬੀਐੱਸਐੱਫ ਦੇ ਅਧਿਕਾਰ ਖੇਤਰ ਨੂੰ 80 ਕਿਲੋਮੀਟਰ ਤੋਂ ਘਟਾ ਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ ਜਦੋਂਕਿ ਰਾਜਸਥਾਨ ਵਿੱਚ ਇਹ ਘੇਰਾ ਪਹਿਲਾਂ ਵਾਂਗ 50 ਕਿਲੋਮੀਟਰ ਦਾ ਹੀ ਰਹੇਗਾ। ਬਾਰਡਰ ਸੁਰੱਖਿਆ ਫੋਰਸ ਐਕਟ 1968 ਦੀ ਧਾਰਾ 139 ਕੇਂਦਰ ਸਰਕਾਰ ਨੂੰ ਸਮੇਂ ਸਮੇਂ 'ਤੇ ਬੀਐੱਸਐੱਫ ਦੇ ਅਧੀਨ ਆਉਣ ਵਾਲੇ ਖੇਤਰ ਬਾਰੇ ਨੋਟੀਫਾਈ ਕਰਨ ਦਾ ਅਧਿਕਾਰ ਦਿੰਦੀ ਹੈ। ਪੰਜਾਬ ਨੂੰ ਸਿੱਧੇ ਤੌਰ 'ਤੇ ਅਸਰਅੰਦਾਜ਼ ਕਰਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ ਫੈਸਲੇ ਮਗਰੋਂ ਉਂਜ ਵੀ ਵਾਦ-ਵਿਵਾਦ ਪੈਦਾ ਹੋਣਾ ਕੁਦਰਤੀ ਹੈ ਕਿਉਂਕਿ 90ਵਿਆਂ ਦੇ ਅੱਧ ਤੋਂ ਬਾਅਦ ਸੂਬੇ ਵਿੱਚ ਸ਼ਾਂਤਮਈ ਮਹੌਲ ਮੰਨਿਆ ਜਾਂਦਾ ਹੈ।



### ਫੈਸਲਾ ਸੰਘੀ ਢਾਂਚੇ ਦੀ ਉਲੰਘਣਾ-ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਫੈਡਰਲ ਢਾਂਚੇ ਦੀ ਉਲੰਘਣਾ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਸਿੱਧਾ ਦਖਲ ਦੇਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ।

*(ਬਾਕੀ ਸਫ਼ਾ 10 'ਤੇ)*


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ।ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ।ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ।ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ।ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# 25 ਹਜ਼ਾਰ ਡਾਲਰ ਦਾ 'ਢਾਹਾਂ ਪੁਰਸਕਾਰ' ਲਹਿੰਦੇ ਪੰਜਾਬ ਦੇ ਨਾਵਲਕਾਰ ਨੈਨ ਸੁਖ ਨੂੰ, ਦੂਜਾ ਇਨਾਮ ਬਲਬੀਰ ਮਾਧੋਪੁਰੀ ਅਤੇ ਸਰਘੀ ਨੂੰ ਦੇਣ ਦਾ ਐਲਾਨ

ਸਰੀ (ਹਰਦਮ ਮਾਨ)-ਵੈਨਕੂਵਰ (ਕੈਨੇਡਾ) ਦੇ ਢਾਹਾਂ ਪਰਿਵਾਰ ਵੱਲੋਂ ਦਿੱਤਾ ਜਾਣ ਵਾਲਾ ਦੱਖਣੀ ਏਸ਼ੀਆਈ ਸਵਦੇਸ਼ੀ ਭਾਸ਼ਾਵਾਂ ਦਾ ਸਭ ਤੋਂ ਵੱਡਾ 25 ਹਜਾਰ ਡਾਲਰ ਦਾ ਸਾਹਿਤਕ ਪੁਰਸਕਾਰ "ਢਾਹਾਂ ਪੁਰਸਕਾਰ" ਇਸ ਵਾਰ ਲਹਿੰਦੇ ਪੰਜਾਬ ਦੇ ਨਾਵਲਕਾਰ ਨੈਨ ਸੁਖ ਦੇ ਨਾਵਲ "ਜੋਗੀ ਸੱਪ ਤਰਾਹ" ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। 10-10 ਹਜਾਰ ਡਾਲਰ ਦੇ ਦੋ ਹੋਰ ਪੁਰਸਕਾਰਾਂ ਲਈ ਬਲਬੀਰ ਮਾਧੋਪੁਰੀ ਦੇ ਨਾਵਲ "ਮਿੱਟੀ ਬੋਲ ਪਈ" ਅਤੇ ਕਹਾਣੀਕਾਰਾ ਸਰਘੀ ਦੇ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ" ਨੂੰ ਚੁਣਿਆ ਗਿਆ ਹੈ। ਅੱਜ ਵੈਨਕੂਵਰ ਦੇ ਰੌਸ ਸਟਰੀਟ ਤੇ ਸਥਿਤ ਕਾਮਾਗਾਟਾਮਾਰੂ ਮਿਊਜ਼ੀਅਮ ਵਿਚ ਇਕ ਸੰਖੇਪ ਸਮਾਗਮ ਦੌਰਾਨ ਇਹ ਐਲਾਨ ਬਰਜ ਢਾਹਾਂ, ਹਰਿੰਦਰ ਕੌਰ ਅਤੇ ਸਾਧੂ ਸਿੰਘ ਬਿਨਿੰਗ ਨੇ ਕੀਤਾ। ਉਨ੍ਹਾ ਕਿਹਾ ਕਿ ਇਸ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਦੀ ਸਿਰਜਣਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਅਤੇ ਵਿਸ਼ਵ ਪੱਧਰ ਤੇ ਪੰਜਾਬੀ ਸਾਹਿਤ ਨੂੰ ਉਤਸ਼ਾਹਿਤ ਕਰਨਾ ਹੈ। ਜ਼ਿਕਰਯੋਗ ਹੇ ਕਿ ਇਸ ਐਵਾਰਡ ਦੀ ਸਥਾਪਨਾ ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਦੁਆਰਾ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਏਸ਼ੀਅਨ ਸਟੱਡੀਜ਼ ਵਿਭਾਗ ਦੇ ਸਹਿਯੋਗ ਨਾਲ ਕੀਤੀ ਗਈ ਹੈ। ਇਸ ਵਾਰ ਇਹ ਅੱਠਵਾਂ ਐਵਾਰਡ ਸੀ। ਇਹ ਪਹਿਲੀ ਵਾਰ ਕਿ ਕਿਸੇ ਸ਼ਾਹਮੁਖੀ ਲਿਪੀ ਦੀ ਪੁਸਤਕ ਨੂੰ ਪਹਿਲਾ ਇਨਾਮ ਹਾਸਲ ਹੋਇਆ ਹੈ। ਇਸ ਤੋਂ ਪਹਿਲੇ ਸੱਤ ਐਵਾਰਡ ਗੁਰਮੁਖੀ ਲਿਪੀ ਦੀਆਂ ਵਾਰਤਕ ਪੁਸਤਕਾਂ ਦੇ ਹਿੱਸੇ ਹੀ ਆਏ ਹਨ।







# ਕੈਨੇਡਾ 'ਚ ਸਰਕਾਰੀ ਕਾਮਿਆਂ, ਰੇਲ ਤੇ ਹਵਾਈ ਸੇਵਾ ਕਰਨ ਲਈ ਵੈਕਸੀਨੇਟ ਹੋਣਾ ਲਾਜ਼ਮੀ

ਸਰੀ (ਹਰਦਮ ਮਾਨ)-ਕੈਨੇਡਾ ਦੇ ਵਿੱਚ ਸਾਰੇ ਫੈਡਰਲ ਅਧਿਕਾਰੀਆਂ, ਕਰਮਚਾਰੀਆਂ ਅਤੇ ਦੇਸ਼ ਵਿਚ ਹਵਾਈ ਸੇਵਾ ਜਾਂ ਰੇਲ ਸੇਵਾ ਦੀ ਵਰਤੋਂ ਕਰਨ ਵਾਲਿਆਂ ਲਈ ਕੋਵਿਡ-19 ਸਬੰਧੀ ਪੂਰੀ ਤਰ੍ਹਾਂ ਵੈਕਸੀਨੇਟ ਹੋਣਾ ਲਾਜ਼ਮੀ ਹੋਵੇਗਾ। ਇਹ ਹੁਕਮ 29 ਅਕਤੂਬਰ ਤੋਂ ਬਾਅਦ ਲਾਗੂ ਹੋ ਜਾਣਗੇ ਅਤੇ ਜੇਕਰ ਫੈਡਰਲ ਕਰਮਚਾਰੀ 29 ਅਕਤੂਬਰ ਤੱਕ ਪੂਰੀ ਤਰ੍ਹਾਂ ਵੈਕਸੀਨੇਟ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਤਨਖਾਹ ਤੋਂ ਬਿਨਾਂ ਪ੍ਰਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਜਾਵੇਗਾ। ਇਹ ਐਲਾਨ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਇਹ ਨਿਯਮ ਹਵਾਈ ਸੇਵਾ ਅਤੇ ਰੇਲ ਕਰਮਚਾਰੀਆਂ ਲਈ ਵੀ ਲਾਗੂ ਕੀਤੇ ਜਾ ਰਹੇ ਹਨ। ਘਰਾਂ ਤੋਂ ਕੰਮ ਕਰ ਰਹੇ ਜਾਂ ਦੇਸ਼ ਦੇ ਬਾਹਰ ਤੋਂ ਕੰਮ ਕਰ ਰਹੇ ਕਰਮਚਾਰੀਆਂ ਵੀ ਇਸ ਕਾਨੂੰਨ ਦੇ ਘੇਰੇ ਵਿਚ ਆਉਣਗੇ। ਇਸੇ ਦੌਰਾਨ ਕੁਝ ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਦਾ ਪ੍ਰਭਾਵ ਕਰੀਬ 267,000 ਪਬਲਿਕ ਸੇਵਾਵਾਂ ਅਤੇ ਆਰ. ਸੀ. ਐਮ. ਪੀ. ਅਫਸਰਾਂ 'ਤੇ ਪਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁਝ ਕੇਸਾਂ ਵਿਚ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਉਸ ਦੇ ਨਿਯਮ ਵੀ ਤੈਅ ਹੋਣਗੇ। ਇਸ ਸਬੰਧ ਵਿਚ 30 ਨਵੰਬਰ ਤਕ ਦਾ ਸਮਾਂ ਦਿੱਤਾ ਗਿਆ ਹੈ ਅਤੇ ਉਸ ਸਮੇਂ ਦੌਰਾਨ ਕੋਵਿਡ-19 ਦੇ ਨੈਗੇਟਿਵ ਰਿਜ਼ਲਟ ਵਿਖਾ ਕੇ ਯਾਤਰਾ ਕੀਤੀ ਜਾ ਸਕੇਗੀ।








# ਨਵੇਂ ਬਣ ਰਹੇ ਸੈਨਿਕ ਕਮਾਂਡਰ ਖਿਲਾਫ ਦੋਸ਼ਾਂ ਦੀ ਜਾਂਚ

ਓਟਵਾ-ਕੌਮੀ ਰੱਖਿਆ ਵਿਭਾਗ ਦਾ ਕਹਿਣਾ ਕਿ ਕੈਨੇਡੀਅਨ ਫ਼ੌਜ ਦੇ ਨਵੇਂ ਬਣ ਰਹੇ ਕਮਾਂਡਰ ਖਿਲਾਫ ਮਿਲਟਰੀ ਪੁਲਿਸ ਦੋਸ਼ਾਂ ਦੀ ਜਾਂਚ ਕਰ ਰਹੀ ਹੈ। ਲੈਫਟੀਨੈਂਟ ਜਨਰਲ ਟਰੇਵਰ



ਕੈਡੀਯੂ ਵਲੋਂ ਛੇਤੀ ਹੀ ਅਹੁਦਾ ਸੰਭਾਲਣ ਦੀ ਸੰਭਾਵਨਾ ਹੈ। ਇਕ ਸਾਂਝੇ ਬਿਆਨ ਵਿਚ ਰੱਖਿਆ ਵਿਭਾਗ ਤੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦਾ ਕਹਿਣਾ ਕਿ ਐਕਟਿੰਗ ਡਿਫੈਂਸ ਚੀਫ਼ ਵੇਨ ਆਇਰ ਨੇ ਜਾਂਚ ਦੀ ਜਾਣਕਾਰੀ ਮਿਲਣ ਪਿੱਛੋਂ ਕਮਾਂਡ ਬਦਲਣ ਦੀ ਰਸਮ ਨੂੰ ਟਾਲਣ ਦਾ ਫ਼ੈਸਲਾ ਕੀਤਾ ਹੈ। ਇਕ ਵੱਖਰੇ ਬਿਆਨ ਵਿਚ ਕੈਡੀਯੂ ਨੇ ਕਿਹਾ ਕਿ ਦੋਸ਼ ਝੂਠੇ ਹਨ ਪਰ ਉਹ ਸੈਨਿਕ ਕਮਾਂਡਰ ਵਜੋਂ ਜਾਂਚ ਹੋਣ ਤਕ ਆਪਣੀ ਸਥਾਪਨਾ ਵਿਚ ਦੇਰੀ ਦੇ ਫ਼ੈਸਲੇ ਨੂੰ ਸਮਝਦਾ ਹੈ। ਕੈਡੀਯੂ ਜਿਸ ਨਾਲ ਟਿੱਪਣੀ ਲਈ ਤੁਰੰਤ ਸੰਪਰਕ ਨਹੀਂ ਹੋਇਆ ਨੇ ਕਿਹਾ ਕਿ ਉਸ ਨੇ ਆਪਣੇ ਤੌਰ 'ਤੇ ਮਿਲਟਰੀ ਪੁਲਿਸ ਨੂੰ ਜਾਣਕਾਰੀ ਅਤੇ ਪੱਤਰ ਵਿਹਾਰ ਕੀਤਾ ਹੈ ਅਤੇ ਉਹ ਉਨ੍ਹਾਂ ਦੀ ਜਾਂਚ ਵਿਚ ਸਹਿਯੋਗ ਕਰਨ ਦੇ ਮੌਕੇ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਰਾਦੇ ਮੁਤਾਬਿਕ ਝੂਠੇ ਦਾਅਵੇ ਇਹ ਸ਼ੱਕ ਪੈਦਾ ਕਰਦੇ ਹਨ ਕਿ ਉਹ ਅਗਵਾਈ ਕਰ ਸਕਦਾ ਹੈ ਜਾਂ ਨਹੀਂ ਅਤੇ ਉਸ ਨੇ ਆਇਰ ਨੂੰ ਕੈਨੇਡੀਅਨ ਫ਼ੌਜ ਦੀ ਕਮਾਂਡ ਸੰਭਾਲਣ ਲਈ ਕਿਸੇ ਹੋਰ ਦੀ ਚੋਣ ਕਰਨ 'ਤੇ ਵਿਚਾਰ ਕਰਨ ਲਈ ਕਿਹਾ ਹੈ।

# ਦੇਖਭਾਲ ਵਿਚ ਮਹਾਂਮਾਰੀ ਨਾਲ ਸਬੰਧਤ ਦੇਰੀ ਕਾਰਨ ਲਗਪਗ 1500 ਕੈਨੇਡੀਅਨ ਨੇ ਨਜ਼ਰ ਗੁਆਈ

ਟੋਰਾਂਟੋ-ਇਕ ਨਵੀਂ ਰਿਪੋਰਟ ਵਿਚ ਅਨੁਮਾਨ ਲਗਾਇਆ ਗਿਆ ਹੈ ਕਿ 2020 ਵਿਚ ਲਾਕਡਾਊਨਾਂ ਕਾਰਨ 1437 ਕੈਨੇਡੀਅਨਾਂ ਨੇ ਅੱਖਾਂ ਦੀ ਜਾਂਚ ਅਤੇ ਇਲਾਜ ਵਿਚ ਦੇਰੀ ਕਾਰਨ ਆਪਣੀਆਂ ਅੱਖਾਂ ਦੀ ਨਜ਼ਰ ਗੁਆ ਦਿੱਤੀ ਹੈ। ਕੈਨੇਡੀਅਨ ਕੌਂਸਲ ਆਫ ਬਲਾਈਂਡ (ਸੀਸੀਬੀ) ਵਲੋਂ ਇਕੱਠੀ ਕੀਤੀ ਰਿਪੋਰਟ ਸਮੁੱਚੇ ਕੈਨੇਡਾ ਵਿਚ ਕੋਵਿਡ-19 ਦੇ ਅਸਰ ਨਾਲ ਨਜ਼ਰ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਗਿਆ ਹੈ। ਮਾਰਚ ਤੋਂ ਜੂਨ 2020 ਤਕ ਮਹਾਂਮਾਰੀ ਲਾਕਡਾਊਨ ਦੇ ਸ਼ੁਰੂ ਵਿਚ ਪਹਿਲੇ ਕੁਝ ਮਹੀਨਿਆਂ ਦੌਰਾਨ ਲਗਪਗ ਸਾਰੇ ਓਪਟੋਮੀਟਰਿਸਟਸ (ਅੱਖਾਂ ਨਾਲ ਸਬੰਧਤ) ਦਫ਼ਤਰ ਬੰਦ ਰਹੇ। ਇਸ ਤੋਂ ਇਲਾਵਾ ਸਮੁੱਚੇ 2020 ਵਿਚ ਬਹੁਤੇ ਦਫ਼ਤਰ ਸੀਮਤ ਸਮਰਥਾ ਨਾਲ ਜਾਰੀ ਰਹੇ। ਸਿੱਟੇ ਵਜੋਂ 2019 ਦੇ ਮੁਕਾਬਲੇ 2020 ਵਿਚ ਲਗਪਗ 30 ਲੱਖ ਤੋਂ ਵੀ ਘੱਟ ਲੋਕ ਅੱਖਾਂ ਦੀ ਜਾਂਚ ਲਈ ਗਏ। ਮਾਰਚ ਅਤੇ ਜੂਨ 2020 ਵਿਚਕਾਰ ਸਮੁੱਚੇ ਕੈਨੇਡਾ ਵਿਚ ਅੱਖਾਂ ਦੇ 335000 ਘੱਟ ਆਪਰੇਸ਼ਨ ਕੀਤੇ ਗਏ ਜਿਹੜੇ ਪਿਛਲੇ ਸਾਲ ਨਾਲੋਂ 47 ਫ਼ੀਸਦੀ ਘੱਟ ਹਨ। ਸੀਸੀਬੀ ਨੇ ਇਕ ਬਿਆਨ ਵਿਚ ਦੱਸਿਆ ਕਿ ਅੱਖਾਂ ਦੇ ਰੋਗਾਂ ਵਾਲੇ ਸਾਰੇ ਕੈਨੇਡੀਅਨ ਕੋਵਿਡ-19 ਕਾਰਨ ਪ੍ਰਭਾਵਤ ਹੋਏ ਹਨ। ਕੁਝ ਦੀ ਅੱਖਾਂ ਦੀ ਜਾਂਚ ਵਿਚ ਦੇਰੀ ਹੋਈ ਅਤੇ ਬਿਮਾਰੀ ਦੇ ਇਲਾਜ ਦਾ ਸੰਭਾਵਤ ਮੌਕਾ ਖੁੰਝ ਗਿਆ ਜਾਂ ਇਲਾਜ ਮਿਲਣ ਵਿਚ ਦੇਰੀ ਹੋਈ।



ਦੂਸਰਿਆਂ ਨੂੰ ਨਜ਼ਰ ਦੇ ਨੁਕਸਾਨ ਨਾਲ ਮਾਨਸਿਕ, ਸਰੀਰਕ ਤੇ ਸਮਾਜਿਕ ਪ੍ਰਭਾਵਾਂ ਨਾਲ ਨਜਿੱਠਣ ਵਿਚ ਸਹਾਇਤਾ ਲਈ ਕੌਂਸਲਿੰਗ ਤੇ ਸਹਾਇਤਾ ਮਿਲਣ ਵਿਚ ਦੇਰੀ ਹੋਈ ਹੈ।

# ਨਾਰਵੇ 'ਚ ਤੀਰ-ਕਮਾਨ ਨਾਲ ਹਮਲਾ-ਪੰਜ ਵਿਅਕਤੀਆਂ ਦੀ ਮੌਤ, 2 ਜ਼ਖ਼ਮੀ

ਓਸਲੋ-ਤੀਰ-ਕਮਾਨ ਨਾਲ ਲੈਸ ਇਕ ਵਿਅਕਤੀ ਨੇ ਨਾਰਵੇ ਦੇ ਕਸਬੇ ਕੌਂਗਸਬਰਗ ਵਿਚ ਲੜੀਵਾਰ ਹਮਲਿਆਂ ਵਿਚ ਪੰਜ ਵਿਅਕਤੀਆਂ ਨੂੰ ਮਾਰ ਦਿੱਤਾ ਤੇ ਦੋ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲਿਸ ਮੁਖੀ ਓਏਵਿੰਦ ਐਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵਿਅਕਤੀ ਨੇ ਕੁਝ ਹਮਲਿਆਂ ਲਈ ਤੀਰ-ਕਮਾਨ ਦੀ ਵਰਤੋਂ ਕੀਤੀ ਹੈ।



ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਉਸ ਨੇ ਕੋਈ ਹੋਰ ਹਥਿਆਰ ਵੀ ਵਰਤੇ ਹਨ ਜਾਂ ਨਹੀਂ। ਪੁਲਿਸ ਨੇ ਜਾਣਕਾਰੀ ਮਿਲਣ 'ਤੇ ਸ਼ੱਕੀ ਨੂੰ ਕਾਬੂ ਕਰ ਲਿਆ ਅਤੇ ਇਸ ਵਿਅਕਤੀਆਂ ਨੇ ਲੋਕਾਂ ਨੂੰ ਮਾਰਨ ਦੀ ਕਾਰਵਾਈ ਇਕੱਲੇ ਨੇ ਹੀ ਕੀਤੀ ਹੈ। ਅਖ਼ਬਾਰ ਵੀਜੀ ਨੇ ਇਕ ਤੀਰ ਦੀਆਂ ਤਸਵੀਰਾਂ ਦਿਖਾਈਆਂ ਹਨ ਜਿਹੜਾ ਲੱਕੜੀ ਨਾਲ ਬਣੀ ਇਮਾਰਤ ਦੀ ਕੰਧ ਵਿਚ ਧੁਸਿਆ ਹੋਇਆ ਲਗਦਾ ਹੈ। 2011 ਤੋਂ ਨਾਰਵੇ ਵਿਚ ਕਿਸੇ ਹਮਲੇ ਵਿਚ ਇਹ ਸਭ ਤੋਂ ਵੱਧ ਮੌਤਾਂ ਹਨ ਜਦੋਂ ਸੱਜੇ ਪੱਖੀ ਕੱਟੜਪੰਥੀ ਆਂਦਰੇਸ ਬੇਹਰਿੰਗ ਬਰੀਵਿਕ ਨੇ ਇਕ ਯੂਥ ਕੈਂਪ ਵਿਖੇ 17 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਜਿਨ੍ਹਾਂ ਵਿਚੋਂ ਬਹੁਤੇ ਨੌਜਵਾਨ ਸਨ। ਬੁੱਧਵਾਰ ਦੇ ਹਮਲੇ ਕੋਂਗਸਬਰਗ ਦੇ ਵੱਡੇ ਇਲਾਕੇ ਵਿਚ ਕੀਤੇ ਗਏ ਹਨ। ਕੋਂਗਸਬਰਗ 28000 ਦੀ ਆਬਾਦੀ ਵਾਲਾ ਕਸਬਾ ਰਾਜਧਾਨੀ ਓਸਲੋ ਤੋਂ 68 ਕਿਲੋਮੀਟਰ (42 ਮੀਲ) ਦੱਖਣ ਪੂਰਬ ਵਿਚ ਪੈਂਦਾ ਹੈ।

# ਕੈਨੇਡਾ ਨਸਲਵਾਦ ਵਿਰੋਧੀ ਵਿਸ਼ੇਸ਼ ਦੂਤ ਦਾ ਸਥਾਈ ਅਹੁਦਾ ਬਣਾਏਗਾ-ਟਰੂਡੋ

ਓਟਵਾ-ਕੈਨੇਡਾ ਹੋਲੋਕੌਸਟ ਰਿਮੈਂਬਰੈਂਸ ਨੂੰ ਕਾਇਮ ਰੱਖਣ ਅਤੇ ਨਸਲਵਾਦ ਖਿਲਾਫ ਲੜਾਈ ਲਈ ਆਪਣੇ ਵਿਸ਼ੇਸ਼ ਦੂਤ ਦੀ ਮਦਦ ਨਾਲ ਨਫਰਤ ਖਿਲਾਫ ਲੜਨ ਲਈ ਇਕ ਕੌਮੀ ਯੋਜਨਾ ਵਿਕਸਤ ਕਰੇਗਾ। ਲਿਬਰਲ ਸਰਕਾਰ ਵਿਸ਼ੇਸ਼ ਦੂਤ ਦੀ ਭੂਮਿਕਾ ਨੂੰ ਸਥਾਈ ਬਣਾਵੇਗੀ ਅਤੇ ਹੋਰ ਵਸੀਲਿਆਂ ਨਾਲ ਇਸ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰੇਗੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੋਲੋਕੌਸਟ ਰਿਮੈਂਬਰੈਂਸ ਅਤੇ ਕੰਬੈਟਿੰਗ ਐਂਟੀਸੈਮਿਟਿਜ਼ਮ ਬਾਰੇ ਮਾਲਮ ਇੰਟਰਨੈਸ਼ਨਲ ਫੋਰਮ ਵਿਖੇ ਵਰਚੁਅਲ ਤਰੀਕੇ ਨਾਲ ਸ਼ਾਮਿਲ ਹੁੰਦਿਆਂ ਐਂਟੀਸੇਮੀਮਿਟਿਜ਼ਮ (ਨਸਲਵਾਦ



ਵਿਰੋਧੀ) ਅਤੇ ਸਾਰੀ ਤਰ੍ਹਾਂ ਦੀ ਨਫਰਤ ਖਿਲਾਫ ਲੜਾਈ ਨੂੰ ਅੱਗੇ ਵਧਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਟਰੂਡੋ ਨੇ ਫੋਰਮ ਨੂੰ ਦੱਸਿਆ ਕਿ ਸਾਨੂੰ ਪੂਰੀ ਤੀਬਰਤਾ ਅਤੇ ਸਾਰਿਆਂ ਨੂੰ ਇਕੱਠਿਆਂ ਧਿਆਨ ਕੇਂਦਰਿਤ ਕਕੇ ਸਮੱਸਿਆ 'ਤੇ ਸਿੱਧੇ ਹਮਲਾ ਕਰਨ ਦੀ ਲੋੜ ਹੈ ਕਿਉਂਕਿ ਐਂਟੀਸੇਮਿਟਿਜ਼ਮ ਯਹੂਦੀ ਭਾਈਚਾਰੇ ਲਈ ਇਕੱਲਿਆਂ ਹੱਲ ਕਰਨ ਵਾਲੀ ਸਮੱਸਿਆ ਨਹੀਂ। ਸੈਂਟਰ ਫਾਰ ਇਸਰਾਈਲ ਅਤੇ ਯਹੂਦੀ ਮਾਮਲੇ ਕੋਟਲਰ ਦੀ ਭੂਮਿਕਾ ਨੂੰ ਸਥਾਈ ਬਣਾਉਣ ਲਈ ਕਈ ਸਾਲਾਂ ਤੋਂ ਵਕਾਲਤ ਕਰ ਰਿਹਾ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

# ਆਰਸੀਐਮਪੀ ਨੇ ਲਾਪਤਾ ਔਰਤ ਨੂੰ ਲੱਭਣ ਵਿਚ ਮਦਦ ਕਰਨ ਦੀ ਅਪੀਲ

ਸਰੀ-ਆਰਸੀਐਮਪੀ ਲਾਪਤਾ ਹੋਈ 21 ਸਾਲਾ ਔਰਤ ਦਾ ਪਤਾ ਲਾਉਣ ਵਿਚ ਲੋਕਾਂ ਨੂੰ ਮਦਦ ਕਰਨ ਲਈ ਕਹਿ ਰਹੀ ਹੈ। ਸਾਰਾਹ ਐਵਿਸਟਨ ਦੇ ਆਪਣੇ ਪਰਿਵਾਰ ਨਾਲ ਸੰਪਰਕ ਕਰਨ ਵਿਚ ਨਾਕਾਮ ਰਹਿਣ ਪਿੱਛੋਂ 20 ਸਤੰਬਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਪਰ ਸਰੀ ਆਰਸੀਐਮਪੀ ਦੀ ਕੰਸਟੇਬਲ ਸਰਬਜੀਤ ਸੰਘਾ ਨੇ 13 ਅਕਤੂਬਰ ਦੀ ਰਿਲੀਜ਼ ਵਿਚ ਦੱਸਿਆ ਕਿ ਐਵਿਸਟਨ ਦੇ ਲਾਪਤਾ ਹੋਣ ਦੀ ਰਿਪੋਰਟ ਕੀਤੇ ਜਾਣ ਤੋਂ ਤਿੰਨ ਤੋਂ ਚਾਰ ਹਫ਼ਤੇ ਪਹਿਲਾਂ ਉਸ ਨੂੰ ਵੈਨਕੂਵਰ ਦੀ ਪਿਜਨ ਪਾਰਕ ਵਿਚ ਆਖਰੀ ਵਾਰ ਦੇਖਿਆ ਗਿਆ ਸੀ। ਸੰਘਾ ਨੇ ਕਿਹਾ ਕਿ ਐਵੀਸਟਨ ਦੇ ਲਾਪਤਾ ਹੋਣ ਦੇ ਲੰਬੇ ਸਮੇਂ ਨੇ ਉਸ ਦੀ ਰਾਜ਼ੀ ਖੁਸ਼ੀ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ ਅਤੇ ਪੁਲਿਸ ਉਸ ਨੂੰ ਅਜੇ ਤਕ ਲੱਭ ਨਹੀਂ ਸਕੀ।

# 2019 ਦੀ ਜਾਨਲੇਵਾ ਦਰੁਘਟਨਾ ਲਈ ਡਰਾਈਵਰ ਸੰਧੂ ਨੂੰ 21 ਮਹੀਨੇ ਕੈਦ ਦੀ ਸਜ਼ਾ

ਸਰੀ-18 ਮਈ 2019 ਦੀ ਸੜਕ ਦੁਰਘਟਨਾ ਵਿਚ ਜਿਸ ਵਿਚ ਨੌਰਥ ਡੈਲਟਾ ਦਾ 19 ਸਾਲਾ ਬਰੈਂਡਨ ਬਾਸੀ ਦੀ ਮੌਤ ਹੋ ਗਈ ਸੀ ਅਤੇ ਉਸ ਦਾ ਆਪਣਾ ਚਚੇਰਾ ਭਰਾ ਵੈਜੀਟੇਟਿਵ ਸਟੇਟ ਵਿਚ ਚਲਾ ਗਿਆ ਸੀ ਵਿਚ ਡਰਾਈਵਰ ਦਿਲਪ੍ਰੀਤ ਸੰਧੂ ਨੂੰ 21 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ।। 12 ਅਕਤੂਬਰ ਨੂੰ ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਸਜ਼ਾ 'ਤੇ ਸੁਣਵਾਈ ਹੋਈ ਅਤੇ ਜੱਜ ਮਾਰਕ ਜੇਟੇ ਨੇ ਕਿਹਾ ਕਿ ਸੰਧੂ ਦੀ ਲਾਪਰਵਾਹੀ ਤੇ ਖਤਰਾ ਮੁੱਲ ਲੈਣ ਦਾ ਮਾੜਾ ਪ੍ਰਭਾਵ ਪੀੜਤਾਂ ਤੋਂ ਵੀ ਪਰ੍ਹੇ ਤਕ ਸੀ। ਨਿਊਟਨ ਵਿਚ 122 ਸਟਰੀਟ ਅਤੇ 78 ਐਵੀਨਿਊ ਵਿਖੇ ਦੇਰ ਰਾਤ ਹੋਏ ਹਾਦਸੇ ਵਿਚ ਜੀਪ ਦੇ ਨਸ਼ਟ ਹੋ ਜਾਣ ਪਿੱਛੋਂ ਚਾਰ ਯਾਤਰੀਆਂ ਨੂੰ ਹਸਪਤਾਲ ਲਿਜਾਇਆ ਗਿਆ ਸੀ ਜਿਨ੍ਹਾਂ ਵਿਚ ਸੰਧੂ ਵੀ ਸ਼ਾਮਿਲ ਸੀ। ਸੰਧੂ ਨੇ ਖ਼ਤਰਨਾਕ ਡਰਾਈਵਿੰਗ ਕਰਨ ਦਾ ਆਪਣਾ ਕਸੂਰ ਸਵੀਕਾਰ ਕਰ ਲਿਆ ਜਿਹੜੀ ਮੌਤਾਂ ਦਾ ਕਾਰਨ ਬਣੀ। ਉਸ ਨੂੰ ਹਿਰਾਸਤ ਵਿਚ ਨਹੀਂ ਸੀ ਰੱਖਿਆ ਗਿਆ।

# ਸ਼ਹਿਰੀ ਅਮਲੇ ਨੂੰ ਨਿਉਟਨ ਵਿਚ ਸੰਭਾਵੀ ਮਨੁੱਖੀ ਕੰਕਾਲ ਮਿਲੇ

ਸਰੀ-ਮੰਗਲਵਾਰ ਸਵੇਰੇ ਨਿਉਟਨ ਵਿਚ ਸੰਭਾਵਤ ਮਨੁੱਖੀ ਕੰਕਾਲ (ਪਿੰਜਰ) ਮਿਲਣ ਪਿੱਛੋਂ ਸਰੀ ਦੀ ਪੁਲਿਸ ਜਾਂਚ ਕਰ ਰਹੀ ਹੈ। ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਸ਼ਹਿਰ ਦੇ ਉੱਤਰੀ ਸਿਰੇ 'ਤੇ ਮਨੁੱਖੀ ਕੰਕਾਲਾਂ ਦੀ ਬਰਾਮਦ ਬਾਰੇ ਸਰੀ ਆਰਸੀਐਮਪੀ ਨੂੰ ਦੂਸਰੀ ਵਾਰ ਚੌਕਸ ਕੀਤਾ ਗਿਆ ਹੈ। ਕੌਂਪਲ ਵਨੇਸਾ ਮੁਨ ਨੇ ਦੱਸਿਆ ਕਿ 12 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਥੋੜਾ ਸਮਾਂ ਪਹਿਲਾਂ 152 ਸਟਰੀਟ ਅਤੇ ਐਵੀਨਿਊ ਨੇੜੇ ਸਿਟੀ ਕਾਮੇ ਇਕ ਡਾਈਕ 'ਤੇ ਮੁਰੰਮਤ ਦਾ ਕੰਮ ਕਰ ਰਹੇ ਸੀ ਜਦੋਂ ਉਨ੍ਹਾਂ ਨੂੰ ਝਾੜੀਆਂ ਵਿਚ ਸੰਭਾਵਤ ਮਨੁੱਖੀ ਕੰਕਾਲ ਦਿਸਿਆ। ਸਰੀ ਆਰਸੀਐਮਪੀ ਫਰੰਟ ਲਾਈਨ ਪੁਲਿਸ ਅਫਸਰ, ਜਨਰਲ ਇਨਵੈਸਟੀਗੇਸ਼ਨ ਯੂਨਿਟ, ਇੰਟੀਗਰੇਟਿਡ ਫੋਰੈਂਸਿਕ ਇਡੈਂਟੀਫਿਕੇਸ਼ਨ ਸਰਵਸਿਜ਼ ਅਤੇ ਬੀਸੀ ਕੋਰੋਨਰਸ ਸੇਵਾ ਨਾਲ ਮੌਕੇ 'ਤੇ ਪੁੱਜੇ। 20 ਸਤੰਬਰ ਨੂੰ 148ਏ ਸਟਰੀਟ ਦੇ 8000 ਬਲਾਕ ਦੇ ਜੰਗਲੀ ਇਲਾਕੇ ਵਿਚ ਮਨੁੱਖੀ ਕੰਕਾਲ ਮਿਲਣ ਪਿੱਛੋਂ ਪੁਲਿਸ ਅਜੇ ਜਾਂਚ ਕਰ ਰਹੀ ਹੈ।



# ਕੇਜਰੀਵਾਲ ਵੱਲੋਂ ਸਨਅਤਕਾਰਾਂ ਨੂੰ ਪੰਜਾਬ ਵਿਚ 'ਆਪ' ਸਰਕਾਰ ਬਣਾਉਣ ਵਿਚ ਸਹਾਇਤਾ ਦੀ ਅਪੀਲ

ਜਲੰਧਰ-ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨਾਲ ਉਦਯੋਗ, ਵਪਾਰ ਅਤੇ ਕਾਰੋਬਾਰ ਦੇ ਵਿਕਾਸ ਦੀ ਬਿਹਤਰੀ ਲਈ 10 ਵਾਅਦੇ ਕਰਦਿਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਸਰਕਾਰ ਬਣਾਉਣ ਵਿੱਚ ਉਹ ਆਪਣਾ ਯੋਗਦਾਨ ਪਾਉਣ। ਇਥੇ ਇੱਕ ਰਿਜ਼ੌਰਟ ਵਿੱਚ ਸ੍ਰੀ ਕੇਜਰੀਵਾਲ ਨੇ ਵਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਦਾ ਸਾਥ ਮੰਗਦਿਆਂ ਕਿਹਾ, "ਤੁਸੀਂ ਕਾਂਗਰਸ ਵਿੱਚ ਕੈਪਟਨ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਬਾਦਲਾਂ ਨੂੰ ਪਰਖ਼ ਕੇ ਦੇਖ ਲਿਆ ਹੈ। ਹੁਣ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਵੀ ਦਿਓ।" ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪਾਰਟੀ ਨੂੰ ਕਾਰੋਬਾਰੀਆਂ ਕੋਲੋਂ ਫ਼ੰਡ ਨਹੀਂ ਚਾਹੀਦੇ ਹਨ, ਉਹ ਸਿਰਫ਼ ਉਨ੍ਹਾਂ ਦਾ ਸਾਥ ਚਾਹੁੰਦੇ ਹਨ। ਸ੍ਰੀ ਕੇਜਰੀਵਲ ਨੇ ਅਪੀਲ ਕੀਤੀ,"ਇੱਕ ਮੌਕਾ ਸਾਨੂੰ ਵੀ ਦਿਓ, ਬਾਕੀ ਸਾਰਿਆਂ ਨੂੰ ਭੁੱਲ ਜਾਓਗੇ।" ਉਨ੍ਹਾਂ 'ਆਪ' ਦੀ ਦਿੱਲੀ 'ਚ ਬਣੀ ਸਰਕਾਰ ਦੀ ਮਿਸਾਲ ਦਿੱਤੀ। ਉਨ੍ਹਾਂ ਕਿਹਾ ਕਿ ਵਪਾਰ ਅਤੇ ਕਾਰੋਬਾਰ ਲਈ ਦਿੱਲੀ 'ਚ ਕ੍ਰਿਸ਼ਮਾ ਕਰਕੇ ਦਿਖਾਇਆ ਹੈ ਤੇ ਪੰਜਾਬ 'ਚ ਸਰਕਾਰ ਬਣਨ 'ਤੇ ਵੀ ਅਜਿਹਾ ਕਰਕੇ ਦਿਖਾਉਣਗੇ। ਕੇਜਰੀਵਾਲ ਨੇ ਦੋਸ਼ ਲਾਇਆ ਕਿ ਪੰਜਾਬ ਦੇ ਕੁੱਝ ਮੰਤਰੀ ਅਤੇ ਵਿਧਾਇਕ ਕਾਰੋਬਰੀਆਂ ਕੋਲੋਂ ਗੁੰਡਾ ਟੈਕਸ ਵਸੂਲਦੇ ਹਨ ਜੋ ਉਨ੍ਹਾਂ ਦੀ ਸਰਕਾਰ ਬਣਨ 'ਤੇ ਬੰਦ ਕਰ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਕਾਰਜਸ਼ੈਲੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਅਤੇ ਦਸ਼ਾ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਵੱਡੀਆਂ ਵੱਡੀਆਂ ਪਾਰਟੀਆਂ 'ਆਪ' ਨੂੰ ਦੇਖ ਦੇ ਰਾਜਨੀਤਕ ਏਜੰਡੇ ਤੈਅ ਕਰਨ ਲੱਗ ਪਈਆਂ ਹਨ। ਇਸ ਮੌਕੇ ਜਰਨੈਲ ਸਿੰਘ, ਰਾਘਵ ਚੱਢਾ, ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ, ਮਾਸਟਰ ਬਲਦੇਵ ਸਿੰਘ, ਪ੍ਰੋ. ਬਲਜਿੰਦਰ ਕੌਰ ਅਤੇ ਹੋਰ ਆਗੂ ਮੌਜੂਦ ਸਨ।

# ਸਿੱਖਿਆ ਮੰਤਰੀ ਪਰਗਟ ਸਿੰਘ ਨੇ ਸਿੱਖਿਆ ਵਿਚ ਸੁਧਾਰ ਲਈ ਮਾਹਿਰਾਂ ਤੋ ਸੁਝਾਅ ਮੰਗੇ

ਚੰਡੀਗੜ੍ਹ-ਉੱਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਪਰਗਟ ਸਿੰਘ ਨੇ ਉਚੇਰੀ ਸਿੱਖਿਆ ਦੇ ਏਜੰਡੇ 'ਤੇ ਸ਼ੁਰੂਆਤ ਕਰਦਿਆਂ ਸਿੱਖਿਆ ਮਾਹਿਰਾਂ ਤੋਂ ਪੰਜਾਬ ਦੀ ਉੱਚੇਰੀ ਸਿੱਖਿਆ ਦੀ ਬਿਹਤਰੀ ਲਈ ਸੁਝਾਅ ਪ੍ਰਾਪਤ ਕੀਤੇ। ਇਸ ਮੌਕੇ ਸਿੱਖਿਆ ਮੰਤਰੀ ਨੇ ਕਿਹਾ ਕਿ ਉੱਚ ਸਿੱਖਿਆ ਨੂੰ ਹੁਲਾਰਾ ਦੇਣ ਲਈ ਵਿਆਪਕ ਖਾਕਾ ਉਲੀਕਣ ਦੀ ਬਹੁਤ ਲੋੜ ਹੈ। ਜਾਣਕਾਰੀ ਮੁਤਾਬਿਕ ਕੈਬਨਿਟ ਮੰਤਰੀ ਪਰਗਟ ਨੇ ਅੱਜ ਪ੍ਰਮੁੱਖ ਸਿੱਖਿਆ ਸ਼ਾਸਤਰੀਆਂ ਨਾਲ ਪਹਿਲੀ ਮੀਟਿੰਗ ਚੰਡੀਗੜ੍ਹ ਸਥਿਤ ਪੰਜਾਬ ਭਵਨ ਵਿੱਚ ਕੀਤੀ। ਇਸ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਕਾਲਜਾਂ ਵਿਚ ਭਰਤੀ ਨੂੰ ਲੈ ਕੇ ਬਹੁਤ ਗੰਭੀਰ ਹੈ ਅਤੇ ਛੇਤੀ ਹੀ ਕਾਲਜਾਂ ਵਿਚ ਖ਼ਾਲੀ ਪਈਆਂ ਅਸਾਮੀਆਂ ਭਰ ਦਿੱਤੀਆਂ ਜਾਣਗੀਆਂ। ਉਨ੍ਹਾਂ ਉੱਚ ਸਿੱਖਿਆ ਅਤੇ ਖੋਜ 'ਤੇ ਖ਼ਰਚ ਨੂੰ ਵਧਾਏ ਜਾਣ ਦੀ ਗੱਲ ਵੀ ਰੱਖੀ।









# ਅਦਾਲਤ ਵਲੋਂ ਲਖੀਮਪੁਰ ਕਾਂਡ ਦੇ ਦੋਸ਼ੀ ਅਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇਣ ਤੋ ਇਨਕਾਰ

ਨਵੀ ਦਿੱਲੀ-ਸੀਜੇਐੱਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਤੇ ਉਸ ਦੇ ਕਥਿਤ ਸਾਥੀ ਆਸ਼ੀਸ਼ ਪਾਂਡੇ ਨੂੰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਜਦੋਂਕਿ ਇਸੇ ਕੇਸ ਵਿੱਚ ਦੋ ਹੋਰ ਵਿਅਕਤੀਆਂ ਅੰਕਿਤ ਦਾਸ ਤੇ ਲਤੀਫ਼ ਉਰਫ ਕਾਲੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਵਾਂ ਨੂੰ 14 ਦਿਨਾਂ ਦੇ ਨਿਆਂਇਕ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਇਸ ਕੇਸ ਵਿੱਚ ਹੁਣ ਤੱਕ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸੀਨੀਅਰ ਪ੍ਰਾਸੀਕਿਊਸ਼ਨ ਅਧਿਕਾਰੀ ਐੱਸ.ਪੀ.ਯਾਦਵ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਆਸ਼ੀਸ਼ ਮਿਸ਼ਰਾ ਤੇ ਉਸ ਦੇ ਕਥਿਤ ਸਾਥੀ ਆਸ਼ੀਸ਼ ਪਾਂਡੇ ਨੇ ਬੁੱਧਵਾਰ ਨੂੰ ਜ਼ਮਾਨਤ ਅਰਜ਼ੀ ਦਾਖ਼ਲ ਕੀਤੀ ਸੀ, ਜਿਸ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਚਿੰਤਾ ਰਾਮ ਨੇ ਰੱਦ ਕਰ ਦਿੱਤਾ। ਆਸ਼ੀਸ਼ ਮਿਸ਼ਰਾ ਨੂੰ 12 ਘੰਟਿਆਂ ਦੀ ਪੁੱਛਗਿੱਛ ਮਗਰੋਂ 9 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਮੰਗਲਵਾਰ ਨੂੰ ਕੋਰਟ ਨੇ ਮਿਸ਼ਰਾ ਨੂੰ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਕੇਸ ਦਾ ਇਕ ਹੋਰ ਮੁਲਜ਼ਮ ਸ਼ੇਖਰ ਭਾਰਤੀ ਵੀ ਇਸ ਵੇਲੇ ਤਿੰਨ ਦਿਨਾ ਪੁਲੀਸ ਰਿਮਾਂਡ 'ਤੇ ਹੈ। ਪੁਲੀਸ ਹੁਣ ਤੱਕ ਇਸ ਮਾਮਲੇ ਵਿੱਚ ਛੇ ਵਿਅਕਤੀਆਂ- ਆਸ਼ੀਸ਼ ਮਿਸ਼ਰਾ, ਲਵਕੁਸ਼, ਆਸ਼ੀਸ਼ ਪਾਂਡੇ, ਭਾਰਤੀ, ਅੰਕਿਤ ਤੇ ਕਾਲੇ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਅੰਕਿਤ ਦਾਸ ਤੇ ਕਾਲੇ, ਜੋ ਆਸ਼ੀਸ਼ ਮਿਸ਼ਰਾ ਦੇ ਨੇੜਲੇ ਦੋਸਤ ਦੱਸੇ ਜਾਂਦੇ ਹਨ, ਅੱਜ ਸਵੇਰੇ ਲਖੀਮਪੁਰ ਵਿੱਚ ਅਪਰਾਧ ਸ਼ਾਖਾ ਦੇ ਦਫ਼ਤਰ ਵਿੱਚ ਪੇਸ਼ ਹੋ ਗਏ। ਤਫ਼ਤੀਸ਼ਕਾਰਾਂ ਵੱਲੋਂ ਪਹਿਲਾਂ ਹੀ ਦੋਵਾਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਲਈ ਸੰਮਨ ਕੀਤਾ ਗਿਆ ਸੀ। ਦਾਸ ਸਾਬਕਾ ਮੰਤਰੀ ਅਖਿਲੇਸ਼ ਦਾਸ ਦਾ ਭਤੀਜਾ ਦੱਸਿਆ ਜਾਂਦਾ ਹੈ। ਪੁਲੀਸ ਨੇ ਕਿਹਾ ਕਿ ਦਾਸ ਸਵੇਰੇ 11 ਵਜੇ ਦੇ ਕਰੀਬ ਆਪਣੇ ਵਕੀਲਾਂ ਨਾਲ ਲਖੀਮਪੁਰ ਸਥਿਤ ਪੁਲੀਸ ਲਾਈਨਜ਼ ਪੁੱਜਾ ਤੇ ਅਪਰਾਧ ਸ਼ਾਖਾ ਦਫ਼ਤਰ ਵਿੱਚ ਸਿਟ ਅੱਗੇ ਪੇਸ਼ ਹੋਇਆ।



# ਸ਼ਾਹਰੁਖ ਖਾਨ ਦੇ ਪੁੱਤਰ ਆਰਿਅਨ ਖਾਨ ਦੀ ਜ਼ਮਾਨਤ ਲਟਕੀ

ਮੁੰਬਈ-ਮੁੰਬਈ ਤੱਟ ਕੋਲ ਕਰੂਜ਼ ਸ਼ਿੱਪ 'ਤੇ ਪਾਬੰਦੀਸ਼ੁਦਾ ਨਸ਼ੀਲੇ ਪਦਾਰਥ ਜ਼ਬਤ ਕਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਅਦਾਕਾਰ ਸ਼ਾਹਰੁਖ ਖਾਨ ਦੇ ਪੁੱਤਰ ਆਰਿਅਨ ਖਾਨ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਐਨਸੀਬੀ ਨੇ ਅਦਾਲਤ ਵਿਚ ਦਾਅਵਾ ਕੀਤਾ ਕਿ ਹੁਣ ਤੱਕ ਦੀ ਜਾਂਚ ਵਿਚ ਆਰਿਅਨ ਦੀ ਸਾਜ਼ਿਸ਼ ਵਿਚ ਸ਼ਮੂਲੀਅਤ ਤੇ ਨਸ਼ੀਲੇ ਪਦਾਰਥਾਂ ਦੀ ਗੈਰਕਾਨੂੰਨੀ ਖ਼ਰੀਦ ਤੇ ਵਰਤੋਂ ਵਿਚ ਭੂਮਿਕਾ ਦਾ ਖੁਲਾਸਾ ਹੋਇਆ ਹੈ। ਐਨਸੀਬੀ ਨੇ ਕਿਹਾ ਕਿ ਆਰਿਅਨ ਕੁਝ ਲੋਕਾਂ ਦੇ ਸੰਪਰਕ ਵਿਚ ਸੀ ਜੋ ਨਸ਼ੀਲੇ ਪਦਾਰਥ ਦੀ ਖ਼ਰੀਦ ਵਿਚ ਕੌਮਾਂਤਰੀ ਗਰੋਹ ਦੇ ਮੈਂਬਰ ਜਾਪਦੇ ਹਨ। ਏਜੰਸੀ ਨੇ ਕਿਹਾ ਕਿ ਇਸ ਮਾਮਲੇ ਵਿਚ ਵਿਦੇਸ਼ ਵਿਚ ਹੋਏ ਵਿੱਤੀ ਲੈਣ-ਦੇਣ ਦੀ ਹੋਰ ਜਾਂਚ ਕਰਨ ਦੀ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਆਰਿਅਨ ਨੇ ਐਨਡੀਪੀਐੱਸ ਐਕਟ ਤਹਿਤ ਮਾਮਲੇ ਦੀ ਸੁਣਵਾਈ ਕਰ ਰਹੀ ਹੈ ਵਿਸ਼ੇਸ਼ ਅਦਾਲਤ ਵਿਚ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ। ਵਿਸ਼ੇਸ਼ ਅਦਾਲਤ ਨੇ ਅੱਜ ਜ਼ਮਾਨਤ ਅਰਜ਼ੀ ਉਤੇ ਸੁਣਵਾਈ ਕੀਤੀ ਜੋ ਕਿ ਭਲਕੇ ਵੀ ਜਾਰੀ ਰਹੇਗੀ। ਐਨਸੀਬੀ ਨੇ ਅਦਾਲਤ ਵਿਚ ਕਿਹਾ ਕਿ ਇਸ ਮਾਮਲੇ ਵਿਚ ਮੁਲਜ਼ਮਾਂ 'ਤੇ ਵੱਖ-ਵੱਖ ਵਿਚਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਸ਼ੁਰੂਆਤੀ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਸਾਰੇ ਮੁਲਜ਼ਮ ਅਪਰਾਧ ਕਰਨ ਦੀ ਸਾਜ਼ਿਸ਼ ਵਿਚ ਆਪਸ ਵਿਚ ਕਰੀਬ ਤੋਂ ਜੁੜੇ ਹੋਏ ਹਨ ਜਾਂ ਇਹ ਗੱਠਜੋੜ ਹੈ ਜਿਸ ਵਿਚ ਆਰਿਅਨ ਵੀ ਸ਼ਾਮਲ ਹੈ। ਆਰਿਅਨ ਇਸ ਵੇਲੇ ਨਿਆਂਇਕ ਹਿਰਾਸਤ ਵਿਚ ਹੈ ਤੇ ਉਸ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚ ਰੱਖਿਆ ਗਿਆ ਹੈ।

# ਕੇਂਦਰ ਵੱਲੋਂ ਸੂਬਿਆਂ ਦੇ ਅਧਿਕਾਰਾਂ ਉਪਰ ਸਿੱਧਾ ਡਾਕਾ-ਰੰਧਾਵਾ



ਚੰਡੀਗੜ੍ਹ-ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰੀ ਫ਼ੈਸਲੇ ਖ਼ਿਲਾਫ਼ ਬੋਲਦਿਆਂ ਕਿਹਾ ਕਿ ਭਾਰਤ ਸਰਕਾਰ ਦਾ ਇਹ ਫ਼ੈਸਲਾ ਦੇਸ਼ ਦੇ ਸੰਘੀ ਢਾਂਚੇ 'ਤੇ ਹਮਲੇ ਵਾਂਗ ਹੈ। ਕੇਂਦਰ ਨੇ ਇਹ ਫ਼ੈਸਲਾ ਕਰਕੇ ਲੋਕਰਾਜੀ ਹੱਕਾਂ 'ਤੇ ਛਾਪਾ ਮਾਰਿਆ ਹੈ ਅਤੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਇਹ ਫ਼ੈਸਲਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਸਰਹੱਦੀ ਸੁਰੱਖਿਆ ਬਲਾਂ ਦੇ ਉਭਾਰ ਦੀ ਭਾਵਨਾ ਦੇ ਬਿਲਕੁਲ ਉਲਟ ਹੈ। ਅੰਦਰੂਨੀ ਇਲਾਕਿਆਂ ਵਿਚ ਪੁਲੀਸਿੰਗ ਕਰਨਾ ਸਰਹੱਦੀ ਬਲਾਂ ਦਾ ਕੰਮ ਨਹੀਂ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਹਰ ਪਾਸੇ ਦਾਖਲ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਨੇ ਅਤਿਵਾਦ ਨੂੰ ਕੰਟਰੋਲ ਕਰਕੇ ਆਪਣੀ ਸਮਰੱਥਾ ਦਿਖਾਈ ਹੈ ਅਤੇ ਹੁਣ ਕੇਂਦਰ ਸਰਕਾਰ ਪੰਜਾਬੀਆਂ ਦੀ ਦੇਸ਼ ਭਗਤੀ 'ਤੇ ਸ਼ੱਕ ਕਰਨ ਲੱਗੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸੱਚੇ ਦੇਸ਼ ਭਗਤ ਹਨ, ਪਰ ਭਾਰਤ ਸਰਕਾਰ ਘੱਟਗਿਣਤੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਹੀ ਵੇਖਦੀ ਹੈ। ਰੰਧਾਵਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ ਦੀ ਸਹਿਮਤੀ ਲਏ ਬਗੈਰ ਇਹ ਫ਼ੈਸਲਾ ਲੈਣਾ ਕੇਂਦਰ ਵੱਲੋਂ ਸੂਬਿਆਂ ਦੀਆਂ ਤਾਕਤਾਂ 'ਤੇ ਡਾਕਾ ਮਾਰਨ ਸਮਾਨ ਹੈ। ਰੰਧਾਵਾ ਨੇ ਸਪਸ਼ਟ ਕੀਤਾ ਕਿ ਮੁੱਖ ਮੰਤਰੀ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮਿਲਣੀ ਮੌਕੇ ਬੀਐੱਸਐੱਫ ਦੇ ਅਧਿਕਾਰ ਖੇਤਰ ਵਿਚ ਵਾਧੇ ਬਾਰੇ ਕੋਈ ਗੱਲ ਨਹੀਂ ਕੀਤੀ ਸੀ।

# ਹਾਈਕਮਾਨ ਵੱਲੋਂ ਸਿੱਧੂ ਨੂੰ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰਨ ਦੀ ਹਦਾਇਤ

ਨਵੀਂ ਦਿੱਲੀ-ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਹਾਈ ਕਮਾਨ ਕੋਲ ਪੰਜਾਬ ਅਤੇ ਸੂਬਾਈ ਕਾਂਗਰਸ ਨਾਲ ਸਬੰਧਤ ਮੁੱਦੇ ਉਠਾਏ। ਉਨ੍ਹਾਂ ਕਿਹਾ ਕਿ ਮੈਨੂੰ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਤੇ ਪਾਰਟੀ ਆਗੂ ਪ੍ਰਿਯੰਕਾ ਗਾਂਧੀ ਤੇ ਰਾਹੁਲ ਗਾਂਧੀ ਦੀ ਲੀਡਰਸ਼ਿਪ 'ਤੇ ਪੂਰਾ ਭਰੋਸਾ ਹੈ ਕਿ ਉਹ ਪੰਜਾਬ ਤੇ ਪੰਜਾਬ ਕਾਂਗਰਸ ਦੇ ਹਿੱਤਾਂ ਵਿੱਚ ਫੈਸਲੇ ਲੈਣਗੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾਂ ਕਾਂਗਰਸ ਹਾਈ ਕਮਾਨ ਦੇ ਹੁਕਮਾਂ ਨੂੰ ਮੰਨਦੇ ਆਏ ਹਨ। ਉਨ੍ਹਾਂ ਨੇ ਪਾਰਟੀ ਹੈੱਡਕੁਆਰਟਰ 'ਤੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਹਰੀਸ਼ ਰਾਵਤ ਤੇ ਜਥੇਬੰਦੀ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨਾਲ ਮੁਲਾਕਾਤ ਕੀਤੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site (Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਨੈਟਿਸ਼ਿਨ ਫਾਊਂਡੇਸ਼ਨ ਇਨਾਮ ਨਾਲ ਸਨਮਾਨਿਤ ਕੀਤੇ ਜਾਣ ਵਾਲੇ ਤਿੰਨ ਵਿਅਕਤੀਆਂ 'ਚ ਸਰੀ ਦੀ ਕਲਾਕਾਰ ਅਨੰਦ ਸ਼ਾਮਿਲ



ਸਰੀ-ਸਰੀ ਵਿਚ ਪਲੀ ਸਿਮਰਨਪ੍ਰੀਤ ਅਨੰਦ ਉਭਰ ਰਹੇ ਆਰਟਿਸਟ ਪੁਰਸਕਾਰ ਜੇਤੂ ਤਿੰਨ ਕੈਨੇਡੀਅਨਾਂ ਵਿਚ ਸ਼ਾਮਿਲ ਹੈ ਜਿਸ ਦਾ ਐਲਾਨ ਓਨਟਾਰੀਓ ਦੇ ਨੈਟਿਸ਼ਿਨ ਫਾਊਂਡੇਸ਼ਨ ਨੇ ਐਲਾਨ ਕੀਤਾ ਹੈ। ਉਭਰ ਰਹੇ ਕਲਾਕਾਰਾਂ ਲਈ ਸੰਗਠਨ ਦੇ ਵਿਲੀਅਮ ਤੇ ਮੇਰੇਡਿਥ ਸੌਂਡਰਸਨ ਇਨਾਮ ਅਨੰਦ ਦੇ ਨਾਲ ਡੈਨ ਕਾਰਡੀਨਲ ਮੈਕਕਾਰਟਨੇ ਅਤੇ ਓਰੇਂਕਾ ਜੇਮਸ ਨੂੰ ਦਿੱਤੇ ਗਏ। ਹਰੇਕ ਨੂੰ 5000 ਡਾਲਰ ਅਤੇ ਪ੍ਰਸ਼ੰਸਾ ਪੱਤਰ ਦਿੱਤੇ ਗਏ। ਸੁਲੀਵਨ ਹਾਈਟਸ ਸੈਕੰਡਰੀ ਗਰੈਜੂਏਟ ਅਨੰਦ ਨੇ ਸਰੀ ਆਰਟ ਗੈਲਰੀ ਵਿਚ ਆਰਟ ਟ੍ਰਗੈਦਰ ਪ੍ਰੋਗਰਾਮ ਨਾਲ ਇਕ ਇੰਗੇਜ਼ਮੈਂਟ ਫੈਸਿਲੀਟੇਟਰ ਵਜੋਂ ਕੰਮ ਕੀਤਾ ਹੈ। ਉਸ ਦੇ ਕੰਮ (ਦਸਤਾਰ ਬੰਨਣ ਦਾ ਬਲਿਊਪ੍ਰਿੰਟ) ਵੈਨਕੂਵਰ ਆਰਟ ਗੈਲਰੀ ਵਿਖੇ ਵੈਨਕੂਵਰ ਸਪੈਸ਼ਲ-ਡਿਸਔਰੀਐਂਟੇਸ਼ਨ ਐਂਡ ਈਕੋ ਨੁਮਾਇਸ਼ ਦੇ ਹਿੱਸੇ ਵਜੋਂ ਦਿਖਾਇਆ ਗਿਆ ਅਤੇ ਇਸ ਨੂੰ ਟੋਰਾਂਟੋ ਵਿਚ ਆਰਟਵਰੈਕਸ ਟੀਓ ਬੇਅਵਿਊ ਵਿਲੇਜ ਐਗਜ਼ੀਬੀਸ਼ਨ ਸਾਈਟ 'ਤੇ ਵੀ ਦਿਖਾਇਆ ਗਿਆ ਹੈ।

# ਸਾਬਕਾ ਬੌਸ ਨੂੰ ਮੁਲਾਜ਼ਮ 'ਤੇ ਜਿਣਸੀ ਹਮਲੇ ਲਈ ਲਗਪਗ 10 ਲੱਖ ਡਾਲਰ ਦੇਣ ਦਾ ਹੁਕਮ

ਵਿਕਟੋਰੀਆ-ਵਿਕਟੋਰੀਆ ਕੰਸਟਰਕਸ਼ਨ ਕੰਪਨੀ ਦੇ ਮਾਲਕ ਨੂੰ ਜੱਜ ਨੇ ਹੁਕਮ ਦਿੱਤਾ ਕਿ ਉਹ ਆਪਣੇ ਔਰਤ ਮੁਲਾਜ਼ਮਾਂ ਵਿਚੋਂ ਇਕ 'ਤੇ ਵਾਰ ਵਾਰ ਕੀਤੇ ਜਿਣਸੀ ਹਮਲਿਆਂ ਦੇ ਦੋਸ਼ ਲਈ ਲਗਪਗ 10 ਲੱਖ ਡਾਲਰ ਦਾ ਹਰਜ਼ਾਨਾ ਅਦਾ ਕਰੇ। ਕਾਇਲੀ ਕ੍ਰਿਸਟੋਫਰ ਜਿਸ ਨੂੰ 2016 ਵਿਚ ਜਿਣਸੀ ਹਮਲਿਆਂ ਲਈ ਦੋਸ਼ੀ ਪਾਇਆ ਗਿਆ ਸੀ 'ਤੇ 2010 ਵਿਚ ਵਾਰ ਵਾਰ ਜਿਣਸੀ ਹਮਲਿਆਂ ਕਾਰਨ ਹੋਏ ਨੁਕਸਾਨ ਲਈ ਮੁਕੱਦਮਾ ਚਲਾਇਆ ਜਾ ਰਿਹਾ ਸੀ। 2016 ਵਿਚ ਕਾਇਲੀ ਕ੍ਰਿਸਟੋਫਰ ਜਿਸ ਨੂੰ ਬੀਸੀ ਸੁਪਰੀਮ ਕੋਰਟ ਵਿਚ ਕੁਲ ਪੰਜ ਔਰਤਾਂ ਜਿਹੜੀਆਂ ਆਲ ਕੈਨੇਡੀਅਨ ਕੰਸਟਰੱਕਸ਼ਨ ਲਿਮਟਿਡ ਵਿਖੇ ਦਫ਼ਤਰ ਸਹਾਇਕਾਂ ਵਜੋਂ ਕੰਮ ਕਰਦੀਆਂ ਰਹੀਆਂ ਹਨ ਖਿਲਾਫ ਜਿਣਸੀ ਅਪਰਾਧ ਲਈ ਦੋਸ਼ੀ ਪਾਇਆ ਗਿਆ ਸੀ। ਉਸ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। ਪੀੜਤਾਂ ਵਿਚੋਂ ਇਕ ਜਿਸ ਦੀ ਨਾਂਅ ਛਾਪਣ 'ਤੇ ਪਾਬੰਦੀ ਕਾਰਨ ਪਛਾਣ ਨਹੀਂ ਕੀਤੀ ਗਈ ਨੇ 2010 ਦੇ ਪਤਝੜ ਦੇ ਅਖੀਰ ਵਿਚ ਉਸ ਦੇ ਖਿਲਾਫ ਕੇਸ ਕੀਤਾ ਸੀ।

## ਕੈਨੇਡਾ ਰਿਕਵਰੀ ਬੈਨੀਫਿਟ ਦੀ ਮਿਆਦ ਖਤਮ ਹੋਣ ਨੇੜੇ-ਕੋਵਿਡ-19 ਸਹਾਇਤਾ ਪ੍ਰੋਗਰਾਮ ਦਾ ਭਵਿੱਖ ਸ਼ੱਕੀ

ਓਟਵਾ-ਸਰਕਾਰ ਦਾ 1200 ਡਾਲਰ ਪ੍ਰਤੀ ਮਹੀਨਾ ਕੈਨੇਡਾ ਰਿਕਵਰੀ ਬੈਨੀਫਿਟ ਹੁਣ ਜਦੋਂ ਖਤਮ ਹੋਣ ਵਾਲਾ ਹੈ ਤਾਂ ਕੋਵਿਡ-19 ਸਹਾਇਤਾ ਪ੍ਰੋਗਰਾਮ ਦਾ ਭਵਿੱਖ ਸ਼ੱਕੀ ਲੱਗ ਰਿਹਾ ਹੈ। ਭਾਵੇਂ ਹੁਣ ਮਹਾਂਮਾਰੀ ਸਹਾਇਤਾ ਪ੍ਰੋਗਰਾਮ 23 ਅਕਤੂਬਰ ਨੂੰ ਖਤਮ ਹੋ ਰਿਹਾ ਹੈ ਤਾਂ ਹਕੀਕਤ ਇਹ ਹੈ ਕਿ ਲਿਬਰਲ ਦੀ ਘੱਟਗਿਣਤੀ ਸਰਕਾਰ ਦੀ ਦੂਸਰੀ ਮਿਆਦੀ ਵਿਚ ਰਾਜਨੀਤੀ ਅਤੇ ਮਹਾਂਮਾਰੀ ਦੀ ਚੌਥੀ ਲਹਿਰ ਦਾ ਮੁਲਾਂਕਣ ਇਹ ਫ਼ੈਸਲਾ ਕਰੇਗਾ ਕਿ ਸੀਆਰਬੀ ਜਾਰੀ ਰਹੇਗੀ ਜਾਂ ਨਹੀਂ। ਕਾਰੋਬਾਰੀ, ਅਕਾਦਮਿਕ ਤੇ ਰਾਜਨੀਤਕ ਲੋਕ ਸੀਆਰਬੀ ਸਾਰਿਆਂ ਲਈ ਖਤਮ ਕਰਨ ਚਾਹੁੰਦੇ ਹਨ ਅਤੇ ਉਹ ਦਾਅਵਾ ਕਰਦੇ ਹਨ ਕਿ ਇਹ ਉਤਪਾਦਕਤਾ ਵਿਚ ਰੁਕਾਵਟ ਹੈ ਅਤੇ ਲੇਬਰ ਦੀ ਘਾਟ ਨੂੰ ਹੋਰ ਖਰਾਬ ਕਰ ਰਿਹਾ ਹੈ।




# ਬਹੁਤੇ ਕੈਨੇਡੀਅਨ ਚਾਹੁੰਦੇ ਕਿ ਬੇਰਨੀਰ ਤੇ ਟਰੂਡੋ ਚੋਣਾਂ ਪਿੱਛੋਂ ਭੂਮਿਕਾ ਛੱਡ ਦੇਣ-ਨੈਨੋਸ ਰਿਸਰਚ

ਓਟਵਾ-ਇਕ ਚੋਣ ਸਰਵੇਖਣ ਵਿਚ ਕੈਨੇਡੀਅਨਾਂ ਨੂੰ ਪੁੱਛਿਆ ਗਿਆ ਕਿ ਕਿਹੜੇ ਫੈਡਰਲ ਪਾਰਟੀ ਨੇਤਾਵਾਂ ਨੂੰ ਇਸ ਸਾਲ ਦੇ ਚੋਣ ਨਤੀਜਿਆਂ ਦੇ ਸਿੱਟੇ ਵਜੋਂ ਅਸਤੀਫਾ ਦੇਣਾ ਚਾਹੀਦਾ ਹੈ ਤਾਂ ਮੈਕਸੀਮ ਬੇਰਨੀਰ ਅਤੇ ਜਸਟਿਨ ਟਰੂਡੋ ਦੋ ਬਹੁਤੇ ਆਮ ਜਵਾਬ ਸਨ। 37 ਫ਼ੀਸਦੀ ਉਤਰ ਦੇਣ ਵਾਲਿਆਂ ਨੇ ਨੈਨੋਸ ਰਿਸਰਚ ਨੂੰ ਦੱਸਿਆ ਕਿ ਸੱਜੇ ਪੱਖੀ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਨੇਤਾ ਬੇਰਨੀਰ ਨੂੰ ਅਸਤੀਫਾ ਦੇਣਾ ਚਾਹੀਦਾ ਹੈ। ਜਦਕਿ 36 ਫ਼ੀਸਦੀ ਚਾਹੁੰਦੇ ਹਨ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਿਹੜੇ ਲਿਬਰਲ ਪਾਰਟੀ ਦੀ ਅਗਵਾਈ ਕਰਦੇ ਹਨ ਨੂੰ ਅਸਤੀਫਾ ਦੇਣਾ ਚਾਹੀਦਾ ਹੈ। 28 ਫ਼ੀਸਦੀ ਵਿਅਕਤੀ ਕੰਸਰਵੇਟਿਵ ਪਾਰਟੀ ਦੇ ਮੁਖੀ ਐਰਿਨ ਓਟੂਲ ਦੇ ਅਸਤੀਫਾ ਦੇਣ ਦੇ ਪੱਖ ਵਿਚ ਹਨ ਜਦਕਿ 15 ਫ਼ੀਸਦੀ ਨੇ ਐਨਡੀਪੀ ਨੇਤਾ ਜਗਮੀਤ ਸਿੰਘ ਦਾ ਨਾਂਅ ਲਿਆ ਅਤੇ 10 ਫ਼ੀਸਦੀ ਨੇ ਬਲੌਕ ਕਿਊਬਕੋਇਸ ਨੇਤਾ ਯਵੇਸ ਫਰਾਂਕੋਇਸ ਬਲੈਨਚੇਟ ਦਾ ਨਾਂਅ ਲਿਆ। ਇਕ ਚੌਥਾਈ ਉੱਤਰ ਦੇਣ ਵਾਲਿਆਂ ਨੇ ਕਿਹਾ ਕਿ ਕਿਸੇ ਵੀ ਪਾਰਟੀ ਦੇ ਨੇਤਾ ਨੂੰ ਅਸਤੀਫਾ ਨਹੀਂ ਦੇਣਾ ਚਾਹੀਦਾ। ਨੈਨੋਸ ਰਿਸਰਚ ਦੇ ਬਾਨੀ ਤੇ ਚੀਫ ਡਾਟਾ ਸਾਇੰਟਿਸਟ ਨਿਕ ਨੈਨੋਸ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਉਨ੍ਹਾਂ ਦਾ ਖਿਆਲ ਹੈ ਕਿ ਜੋ ਗੱਲ ਸਾਹਮਣੇ ਆਈ ਹੈ ਉਸ ਮੁਤਾਬਿਕ ਚਾਰ ਕੈਨੇਡੀਅਨਾਂ ਵਿਚੋਂ ਇਕ ਮੌਜੂਦਾ ਨੇਤਾਵਾਂ ਤੋਂ ਖੁਸ਼ ਹੈ।

# ਲਾਅ ਦਫ਼ਤਰ ਦੇ ਮੁਲਾਜ਼ਮ ਖਿਲਾਫ ਹੁਣ ਫਸਟ ਡਿਗਰੀ ਕਤਲ ਦਾ ਦੋਸ਼

ਟੋਰਾਂਟੋ-ਪਿਛਲੇ ਮਹੀਨੇ ਟੋਰਾਂਟੋ ਦੇ ਲਾਅ ਦਫ਼ਤਰ ਵਿਖੇ ਇਕ 29 ਸਾਲਾ ਔਰਤ ਨੂੰ ਚਾਕੂ ਮਾਰ ਕੇ ਕਤਲ ਕਰਨ ਵਾਲੇ ਦੋਸ਼ੀ ਵਿਅਕਤੀ ਖਿਲਾਫ ਹੁਣ ਫਸਟ ਡਿਗਰੀ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਦੱਸਿਆ ਕਿ 2 ਸਤੰਬਰ ਨੂੰ ਦੁਪਹਿਰ ਬਾਅਦ 238 ਕਿੰਗ ਸਟਰੀਟ ਈਸਟ ਵਿਖੇ ਸਥਿਤ ਹਿਕਸ ਐਡਮਸ ਐਲਐਲਪੀ ਦੇ ਦਫ਼ਤਰਾਂ ਵਿਖੇ ਜੁਲੀਆ ਫਰਗੂਸਨ ਦੇ ਚਾਕੂ ਮਾਰਿਆ ਗਿਆ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਤਿੰਨ ਦਿਨ ਬਾਅਦ ਉਸ ਦੀ ਮੌਤ ਹੋ ਗਈ ਸੀ। ਸ਼ੱਕੀ ਚਾਕੂ ਮਾਰਨ ਪਿੱਛੋਂ ਮੌਕੇ ਤੋਂ ਭੱਜ ਗਿਆ ਪਰ ਬਾਅਦ ਵਿਚ ਪੁਲਿਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਉਸ ਦੀ ਪਛਾਣ ਟੋਰਾਂਟੋ ਦੇ ਓਸਮਾਨ ਓਸਮਾਨ ਵਜੋਂ ਕੀਤੀ ਗਈ ਹੈ। ਫਰਗੂਸਨ ਦੇ ਕਤਲ ਲਈ ਪਹਿਲਾਂ ਪਹਿਲ ਓਸਮਾਨ ਖਿਲਾਫ ਸੈਕਿੰਡ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਸਨ ਪਰ ਦੋਸ਼ ਨੂੰ ਹੁਣ ਫਸਟ ਡਿਗਰੀ ਕਤਲ ਵਿਚ ਬਦਲ ਦਿੱਤਾ ਗਿਆ ਹੈ। ਮਾਰੀ ਗਈ ਔਰਤਾਂ ਦੇ ਦੋਸਤਾਂ ਵਲੋਂ ਕਾਇਮ ਕੀਤੇ ਗੋਫੰਡਮੀ ਨੇ ਕਿਹਾ ਕਿ ਫਰਗੂਸਨ ਲਾਅ ਫਰਮ ਵਿਖੇ ਰਿਸੈਪਸ਼ਨੈਸਟ ਵਜੋਂ ਕੰਮ ਕਰਦੀ ਸੀ। ਪੁਲਿਸ ਨੇ ਪਹਿਲਾਂ ਇਹ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਦਾ ਖਿਆਲ ਹੈ ਕਿ ਹਮਲਾ ਸਧਾਰਨ ਨਹੀਂ ਸੀ ਪਰ ਜਾਂਚ ਅਧਿਕਾਰੀਆਂ ਨੇ ਸੰਭਾਵਤ ਮਨਸ਼ਾ ਦੇ ਕੋਈ ਵੇਰਵੇ ਅਜੇ ਮੁਹੱਈਆ ਨਹੀਂ ਕੀਤੇ। ਘਟਨਾ ਪਿੱਛੋਂ ਹੋਮੀਸਾਈਡ ਪੁਲਿਸ ਨੇ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਸ਼ੱਕੀ ਨੇ ਕਾਰੋਬਾਰ ਨੂੰ ਨਿਸ਼ਾਨਾ ਬਣਾਇਆ ਸੀ ਨਾ ਕਿ ਵਿਸ਼ੇਸ਼ ਰੂਪ ਵਿਚ ਫਰਗੂਸਨ ਨੂੰ।

## ਲਾਅ ਸੁਸਾਇਟੀ ਵਲੋਂ ਸਰੀ ਦਾ ਵਕੀਲ ਤਿੰਨ ਮਹੀਨਿਆਂ ਲਈ ਮੁਅੱਤਲ

ਸਰੀ-ਬ੍ਰਿਟਿਸ਼ ਕੋਲੰਬੀਆ ਦੀ ਲਾਅ ਸੁਸਾਇਟੀ ਨੇ ਸਰੀ ਦੇ ਵਕੀਲ ਜ਼ਾਓ (ਏਡਨ) ਹੁਆਂਗ ਨੂੰ ਕਾਨੂੰਨੀ ਪੇਸ਼ੇ ਦੇ ਅਣਉਚਿੱਤ ਆਚਰਣ ਕਾਰਨ ਤਿੰਨ ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਹੈ। ਸੁਸਾਇਟੀ ਵਲੋਂ 13 ਅਕਤੂਬਰ ਨੂੰ ਜਾਰੀ ਪ੍ਰੈਸ ਰਿਲੀਜ਼ ਮੁਤਾਬਿਕ ਹੁਆਂਗ 'ਤੇ ਹਮਲਾ ਕਰਨ, ਧਮਕੀਆਂ ਦੇਣ, ਹਥਿਆਰ ਨਾਲ ਹਮਲਾ ਕਰਨ ਜਾਂ ਡਰਾਉਣ ਦੇ ਦੋਸ਼ ਲਗਾਏ ਗਏ ਸਨ ਪਰ ਕੌਂਸਲਿੰਗ ਵਿਚ ਸ਼ਾਮਿਲ ਹੋਣ ਤੇ ਪਸ਼ਚਾਤਾਪ ਕਰਨ ਪਿੱਛੋਂ ਸਾਰੇ ਦੋਸ਼ਾਂ ਨੂੰ ਵਾਪਸ ਲੈ ਲਿਆ ਗਿਆ। ਲਾਅ ਸੁਸਾਇਟੀ ਦੇ ਦਸਤਾਵੇਜ਼ ਮੁਤਾਬਿਕ ਹੁਆਂਗ ਨੇ ਔਰਤ ਜਿਸ ਦੀ ਪਛਾਣ ਕੇਵਲ ਏਏ ਵਜੋਂ ਕੀਤੀ ਗਈ ਨੂੰ ਚੀਨ ਵਿਚ 'ਬਦਨਾਮ ਕਤਲ ਫਾਈਲ' ਬਾਰੇ ਦੱਸਿਆ ਅਤੇ ਉਸ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਲਈ ਧਮਕਾਇਆ ਅਤੇ ਉਸ ਦੇ ਚਿਹਰੇ ਤੇ ਸਿਰ ਵਿਚ ਕਈ ਘਸੁੰਨ ਮਾਰੇ ਅਤੇ ਉਸ ਦੀ ਲੱਤ 'ਤੇ ਠੁੱਡ ਮਾਰੀ। ਉਸ ਨੇ ਇਕ ਨਾਬਾਲਗ 'ਬੀ-ਬੀ' ਨੂੰ ਵੀ ਹਥਿਆਰ ਨਾਲ ਮਾਰਿਆ ਜਾਂ ਧਮਕਾਇਆ। ਉਸ ਦੇ ਖਿਲਾਫ 10 ਅਗਸਤ 2020 ਨੂੰ ਦੋਸ਼ ਲਗਾਏ ਗਏ ਅਤੇ 28 ਜਨਵਰੀ 2021 ਨੂੰ ਵਾਪਸ ਲੈ ਲਏ ਗਏ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਕੈਪਟਨ ਵੱਲੋਂ ਪਰਗਟ ਸਿੰਘ ਦੇ ਦੋਸ਼ ਹਾਸੋਹੀਣੇ ਕਰਾਰ



ਚੰਡੀਗੜ੍ਹ-ਕੇਂਦਰ ਸਰਕਾਰ ਨੇ ਪੰਜਾਬ ਸਣੇ ਦੇਸ਼ ਦੇ ਚਾਰ ਸੂਬਿਆਂ ਵਿੱਚ ਸਰਹੱਦੀ ਸੁਰੱਖਿਆ ਦਲ (ਬੀਐੱਸਐੱਫ) ਦੇ ਅਧਿਕਾਰ ਖੇਤਰ ਅਤੇ ਤਾਕਤਾਂ ਨੂੰ ਵਧਾਉਣ ਦੇ ਫੈਸਲਾ ਲਿਆ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਮਰਥਨ ਕੀਤਾ ਹੈ। ਇਸ ਗੱਲ ਨੂੰ ਲੈ ਕੇ ਪੰਜਾਬ ਦੇ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਪਟਨ ਦੇ ਬਿਆਨ ਤੋਂ ਜਾਪਦਾ ਹੈ ਕਿ ਉਹ ਭਾਜਪਾ ਦੇ ਨਾਲ ਹਨ। ਪਰਗਟ ਸਿੰਘ ਅਨੁਸਾਰ ਬੀਐੱਸਐੱਫ ਦਾ ਅਧਿਕਾਰ ਖੇਤਰ ਵਧਣ ਨਾਲ ਅੱਧਾ ਪੰਜਾਬ ਬੀਐੱਸਐੱਫ ਦੇ ਕੰਟਰੋਲ ਹੇਠ ਆ ਜਾਵੇਗਾ। ਇਸ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪਲਟ ਵਾਰ ਕਰਦਿਆਂ ਕਿਹਾ ਕਿ ਪਰਗਟ ਸਿੰਘ ਸਸਤੀ ਸ਼ੋਹਰਤ ਲਈ ਹਾਸੋਹੀਣੀਆਂ ਕਹਾਣੀਆਂ ਘੜਨੀਆਂ ਬੰਦ ਕਰ ਦੇਵੇ।

# ਸ਼ਿਲੌਂਗ 'ਚ ਸਿੱਖਾਂ ਨੂੰ ਉਜਾੜੇ ਜਾਣ ਤੇ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਮੇਘਾਲਿਆ ਸਰਕਾਰ ਨੂੰ ਨੋਟਿਸ

ਨਵੀਂ ਦਿੱਲੀ-ਸ਼ਿਲੌਂਗ ਦੀ ਹਰੀਜਨ ਕਾਲੋਨੀ 'ਚੋਂ ਦਲਿਤ ਸਿੱਖਾਂ ਨੂੰ ਉਜਾੜੇ ਜਾਣ ਅਤੇ ਜ਼ਮੀਨ ਦੀ ਮਾਲਕੀ ਸੂਬੇ ਦੇ ਨਾਮ 'ਤੇ ਤਬਦੀਲ ਕਰਨ ਦੇ ਫ਼ੈਸਲੇ 'ਤੇ ਅਨੁਸੂਚਿਤ ਜਾਤਾਂ ਬਾਰੇ ਕੌਮੀ ਕਮਿਸ਼ਨ (ਐੱਨਸੀਐੱਸਸੀ) ਨੇ ਮੇਘਾਲਿਆ ਸਰਕਾਰ ਨੂੰ ਅੱਜ ਨੋਟਿਸ ਜਾਰੀ ਕਰਦਿਆਂ ਰਿਪੋਰਟ ਮੰਗ ਲਈ ਹੈ। ਰਿਪੋਰਟਾਂ ਮੁਤਾਬਕ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਉੱਚ ਪੱਧਰੀ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਸਿੱਖਾਂ ਨੂੰ ਦੂਜੀ ਥਾਂ 'ਤੇ ਵਸਾਉਣ ਲਈ ਜ਼ਮੀਨ ਦੀ ਮਾਲਕੀ ਬਦਲਣ ਦੇ ਹੁਕਮ ਦਿੱਤੇ ਹਨ। ਐੱਨਸੀਐੱਸਸੀ ਦੇ ਚੇਅਰਮੈਨ ਵਿਜੈ ਸਾਂਪਲਾ ਨੇ ਸੂਬਾ ਸਰਕਾਰ, ਮੁੱਖ ਸਕੱਤਰ, ਡੀਜੀਪੀ ਅਤੇ ਹੋਰਾਂ ਨੂੰ ਨੋਟਿਸ ਭੇਜ ਕੇ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ 'ਚ ਦਖ਼ਲ ਦੇ ਕੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਯਕੀਨੀ ਬਣਾਉਣ। ਕਮਿਸ਼ਨ ਨੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਮਾਮਲੇ ਦੀ ਪੜਤਾਲ ਕਰਨ ਅਤੇ ਉਹ ਡਾਕ ਜਾਂ ਈ-ਮੇਲ ਰਾਹੀਂ ਰਿਪੋਰਟ ਜਮ੍ਹਾਂ ਕਰਾਉਣ। ਸ੍ਰੀ ਸਾਂਪਲਾ ਨੇ ਅਧਿਕਾਰੀਆਂ ਨੂੰ ਖ਼ਬਰਦਾਰ ਕੀਤਾ ਕਿ ਜੇਕਰ ਤੈਅ ਸਮੇਂ ਦੇ ਅੰਦਰ ਰਿਪੋਰਟ ਨਾ ਮਿਲੀ ਤਾਂ ਕਮਿਸ਼ਨ ਸੰਵਿਧਾਨ ਦੀ ਧਾਰਾ 338 ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਦਿੱਲੀ 'ਚ ਨਿੱਜੀ ਪੇਸ਼ੀ ਲਈ ਸੰਮਨ ਜਾਰੀ ਕਰੇਗਾ।



# ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਚ 50 ਕਿਲੋਮੀਟਰ ਤੱਕ ਕਾਰਵਾਈ ਦੇ ਅਧਿਕਾਰ

ਸਫ਼ਾ 1 ਦੀ ਬਾਕੀ

ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਨੇ ਇੱਕ ਤਰ੍ਹਾਂ ਨਾਲ ਸਾਰਾ ਪੰਜਾਬ ਹੀ ਆਪਣੇ ਦਾਇਰੇ ਹੇਠ ਲੈ ਕੇ ਆਪਣਾ ਰਾਜ ਸਥਾਪਤ ਕਰਨ ਦਾ ਯਤਨ ਕੀਤਾ ਹੈ।

## ਅਮਰਿੰਦਰ ਵੱਲੋਂ ਫ਼ੈਸਲੇ ਦੀ ਹਮਾਇਤ

ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਬੀਐੱਸਐੱਫ ਨੂੰ ਵਾਧੂ ਤਾਕਤਾਂ ਦੇਣ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਅਮਰਿੰਦਰ ਨੇ ਇਕ ਟਵੀਟ ਵਿੱਚ ਕਿਹਾ, "ਬੀਐੱਸਐੱਫ ਦੀ ਮੌਜੂਦਗੀ ਦਾ ਘੇਰਾ ਮੋਕਲਾ ਹੋਣ ਤੇ ਤਾਕਤਾਂ ਵਧਣ ਨਾਲ ਅਸੀਂ ਹੋਰ ਮਜ਼ਬੂਤ ਹੋਵਾਂਗੇ। ਕੇਂਦਰੀ ਹਥਿਆਰਬੰਦ ਬਲਾਂ ਨੂੰ ਸਿਆਸਤ ਵਿੱਚ ਘੜੀਸਣ ਦੀ ਕੋਈ ਲੋੜ ਨਹੀਂ ਹੈ।

## ਅਕਾਲੀ ਦਲ ਵਲੋਂ ਮੋਦੀ ਸਰਕਾਰ ਦੇ ਫੈਸਲੇ ਵਿਰੁੱਧ ਰੋਸ ਵਿਖਾਵਾ

ਚੰਡੀਗੜ੍ਹ-ਕੇਂਦਰ ਸਰਕਾਰ ਵੱਲੋਂ ਸਰਹੱਦ ਤੋਂ ਬੀਐੱਸਐੱਫ ਦਾ ਦਾਇਰਾ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰਨ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੰਡੀਗੜ੍ਹ ਵਿਚ ਪੰਜਾਬ ਰਾਜ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ, ਜਿਨ੍ਹਾਂ ਨੂੰ ਚੰਡੀਗੜ੍ਹ ਪੁਲੀਸ ਨੇ ਹਿਰਾਸਤ ਵਿਚ ਲੈ ਲਿਆ। ਉਨ੍ਹ ਤੋਂ ਇਲਾਵਾ ਪੁਲੀਸ ਨੇ ਦਲਜੀਤ ਸਿੰਘ ਚੀਮਾ ਸਣੇ ਵੱਡੀ ਗਿਣਤੀ ਵਿਚ ਅਕਾਲੀ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਥਾਣਾ ਸੈਕਟਰ 3 ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਨੇ ਥਾਣੇ ਵਿੱਚ ਹੀ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।

# ਟਰੇਡ ਯੂਨੀਅਨਾਂ ਵਲੋਂ ਏਅਰ ਇੰਡੀਆ ਵੇਚੇ ਜਾਣ ਦਾ ਤਿੱਖਾ ਵਿਰੋਧ

ਨਵੀਂ ਦਿੱਲੀ-ਸੈਂਟਰਲ ਟਰੇਡ ਯੂਨੀਅਨਾਂ, ਸੁਤੰਤਰ ਸਗਠਨਾਂ ਅਤੇ ਐਸੋਸੀਏਸ਼ਨਾਂ ਨੇ ਸਾਂਝੇ ਤੌਰ 'ਤੇ ਸਰਕਾਰ ਵੱਲੋਂ ਕੀਤੀ ਗਈ ਏਅਰ ਇੰਡੀਆ ਦੀ ਵਿਕਰੀ ਦੀ ਨਿਖੇਧੀ ਕੀਤੀ ਹੈ। ਟਰੇਡ ਯੂਨੀਅਨ ਆਗੂ ਅਮਰਜੀਤ ਕੌਰ ਨੇ ਕਿਹਾ ਕਿ ਦਹਾਕਿਆਂ ਤੋਂ ਇਸ ਏਅਰਲਾਈਨ ਨੂੰ ਕਾਇਮ ਰੱਖਣ ਵਿੱਚ ਅਤੇ ਹੁਣ ਦੇ ਮੁਕਾਮ 'ਤੇ ਲਿਆਉਣ ਵਿੱਚ ਹੋਏ ਖਰਚੇ ਮਗਰੋਂ ਹੁਣ ਆਜ਼ਾਦੀ ਦੇ 75ਵੇਂ ਵਰ੍ਹੇ 'ਚ ਸਰਕਾਰ ਨੇ ਟਾਟਾ ਨੂੰ ਇਹ ਏਅਰਲਾਈਨ ਤੋਹਫ਼ੇ ਵਜੋਂ ਸਸਤੇ ਭਾਅ ਹੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਏਅਰਲਾਈਨ ਦਾ ਕੌਮੀਕਰਨ 1953 ਵਿੱਚ ਹੋਇਆ ਤੇ ਦੇਸ਼ ਤੇ ਵਿਦੇਸ਼ਾਂ ਵਿੱਚ ਸੰਪਤੀ ਆਧਾਰ, ਹਵਾਈ ਜਹਾਜ਼ਾਂ ਤੇ ਸੰਪਤੀਆਂ ਦੇ ਵਿਸ਼ਾਲ ਬੇੜੇ ਨੂੰ ਵਧਾਉਣ ਲਈ ਕੌਮੀ ਖਜ਼ਾਨੇ ਤੋਂ ਕਈ ਲੱਖ ਕਰੋੜ ਰੁਪਏ ਇਸ 'ਤੇ ਖਰਚੇ ਗਏ। ਉਨ੍ਹਾਂ ਕਿਹਾ ਕਿ ਸਿਰਫ਼ ਸਾਲ 2009-10 ਵਿੱਚ ਹੀ ਸਰਕਾਰ ਨੇ ਏਅਰ ਇੰਡੀਆ ਵਿੱਚ 1,10,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਟਰੇਡ ਯੂਨੀਅਨਾਂ ਨੇ ਇੰਡੀਅਨ ਏਅਰਲਾਈਨਜ਼ ਦੇ ਏਅਰ ਇੰਡੀਆ ਨਾਲ ਏਕੀਕਰਨ ਦੇ ਸਰਕਾਰ ਦੇ ਖੋਖਲੇ ਦਾਅਵਿਆਂ ਦਾ ਵਿਰੋਧ ਕੀਤਾ ਸੀ।

# ਕੋਵਿਡ-19 ਬੂਸਟਰ ਦੀ ਬਹੁਤੇ ਕੈਨੇਡੀਅਨਾਂ ਨੂੰ ਅਜੇ ਲੋੜ ਨਹੀਂ-ਕੈਨੇਡੀਅਨ ਸਿਹਤ ਮਾਹਿਰ

ਸਫ਼ਾ 1 ਦੀ ਬਾਕੀ

ਖੁਰਾਕ ਯੋਗਤਾ ਲਈ ਇਨ੍ਹਾਂ ਗਰੁੱਪਾਂ ਤੋਂ ਅੱਗੇ ਵਿਸਤਾਰ ਕੀਤਾ ਹੈ। ਉਦਾਹਰਣ ਵਜੋਂ ਅਲਬਰਟਾ ਦਾ ਕਹਿਣਾ ਕਿ 75 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਟੀਕਾ ਲਗਵਾ ਸਕਦਾ ਹੈ ਜਦਕਿ ਮਨੀਟੋਬਾ ਉਨ੍ਹਾਂ ਨੂੰ ਹੈਲਥ ਕੇਅਰ ਵਰਕਰਾਂ ਦੀ ਪੇਸ਼ਕਸ਼ ਕਰ ਰਿਹਾ ਹੈ ਪਰ ਮਾਹਿਰਾਂ ਦਾ ਕਹਿਣਾ ਕਿ ਸਿਹਤਮੰਦ ਨੂੰ ਅਜੇ ਤੀਸਰੀ ਖੁਰਾਕ ਦੀ ਲੋੜ ਨਹੀਂ ਜਦਕਿ ਟੀਕਾ ਬਣਾਉਣ ਵਾਲੀਆਂ ਕੰਪਨੀਆਂ ਨੇ ਟੀਕਾਕਰਣ ਸ਼ੁਰੂ ਕਰਨ ਲਈ ਲਾਬਿੰਗ ਕਰਨੀ ਸ਼ੁਰੂ ਕਰ ਦਿੱਤੀ ਹੈ। ਅਸਲ ਵਿਚ ਟੋਰਾਂਟੋ ਦੇ ਕਲੀਨੀਕਲ ਈਵੈਲੂਏਟਿਵ ਸਾਇੰਸਜ਼ ਇੰਸਟੀਚਿਊਟ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਟੀਕਾਕਰਣ ਦੇ 8 ਮਹੀਨੇ ਬਾਅਦ ਟੀਕਾ ਨਾ ਲਗਵਾਉਣ ਵਾਲੇ ਬਾਲਗਾਂ ਦੇ ਮੁਕਾਬਲੇ ਲਾਗ ਦੇ ਖਿਲਾਫ ਸੁਰੱਖਿਆ ਅਤੇ ਗੰਭੀਰ ਨਤੀਜਿਆਂ ਤੋਂ ਅਜੇ ਵੀ ਕਾਫੀ ਉੱਚੇ ਪੱਧਰ 'ਤੇ ਹੈ।

# ਪੰਥਕ ਆਗੂਆਂ ਵਲੋਂ ਸੁਖਬੀਰ, ਹਰਸਿਮਰਤ ਤੇ ਸਿੱਧੂ ਉਪਰ ਗੁਰ ਮਰਿਯਾਦਾ ਦੀ ਉਲੰਘਣਾ ਦੇ ਦੋਸ਼

ਤਲਵੰਡੀ ਸਾਬੋ-ਅਕਾਲੀ ਦਲ (ਅ) ਦੇ ਇੱਕ ਵਫ਼ਦ ਨੇ ਤੰਨ ਸਿੱਖ ਸਿਆਸੀ ਆਗੂਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਤੇ ਪਿਛਲੇ ਸਮੇਂ ਵਿੱਚ ਗੁਰ ਮਰਿਆਦਾ ਤੇ ਸਿੱਖੀ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ। ਇਸ ਮੌਕੇ ਵਫ਼ਦ ਨੇ ਇੱਕ ਯਾਦ ਪੱਤਰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਤਖ਼ਤ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ ਤੇ ਮੈਨੇਜਰ ਪਰਮਜੀਤ ਸਿੰਘ ਨੂੰ ਸੌਂਪਿਆ। ਵਫ਼ਦ ਵਿੱਚ ਸ਼ਾਮਲ ਪਰਵਿੰਦਰ ਸਿੰਘ ਬਾਲਿਆਂਵਾਲੀ, ਗੁਰਸੇਵਕ ਸਿੰਘ ਜਵਾਹਰਕੇ, ਯਾਦਵਿੰਦਰ ਸਿੰਘ ਭਾਗੀਵਾਂਦਰ ਤੇ ਸੀਰਾ ਸਿੰਘ ਕੋਟਸ਼ਮੀਰ ਹੋਰਾਂ ਨੇ ਕਿਹਾ ਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਸੁਖਬੀਰ ਸਿੰਘ ਬਾਦਲ ਤੇ ਨਵਜੋਤ ਸਿੰਘ ਸਿੱਧੂ ਨੇ ਕਈ ਵਾਰ ਸਿੱਖ ਮਰਿਆਦਾ ਦੀ ਉਲੰਘਣਾ ਕੀਤੀ ਹੈ।

## ਅਕਾਲ ਤਖਤ ਨੂੰ ਮੰਗ ਪੱਤਰ ਦਿੱਤਾ

ਅਕਾਲੀ ਦਲ (ਅ) ਦੇ ਆਗੂ ਹਰਬੀਰ ਸਿੰਘ ਸੰਧੂ ਦੀ ਅਗਵਾਈ ਹੇਠ ਅੱਜ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੂੰ ਮੰਗ ਪੱਤਰ ਦੇ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਸਿੱਖ ਮਰਿਆਦਾ ਅਤੇ ਸਿਧਾਂਤਾਂ ਦੀ ਉਲੰਘਣਾ ਦਾ ਦੋਸ਼ ਲਾਉਂਦਿਆਂ ਪੰਥਕ ਰਿਵਾਇਤਾਂ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਹੈ।









# ਕਿਸਾਨ ਆਗੂ ਚੜੂੰਨੀ ਦਾ ਐਲਾਨ : ਪੰਜਾਬ ਵਿਚ ਸਾਰੀਆਂ ਸੀਟਾਂ ਉੱਤੇ ਚੋਣ ਲੜਾਂਗੇ

ਬਠਿੰਡਾ-ਹਰਿਆਣਾ ਦੇ ਪ੍ਰਮੁੱਖ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਅੱਜ ਏਥੇ ਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਅਗਲੇ ਸਾਲਅਸੈਂਬਲੀਦੀਆਂ ਸਾਰੀਆਂ ਸੀਟਾਂ ਤੋਂ ਚੋਣ ਲੜੀ ਜਾਵੇਗੀ। ਗੁਰਨਾਮ ਸਿੰਘ ਚੜੂੰਨੀਅੱਜਏਥੇ ਬਠਿੰਡਾ ਦੇ ਟੀਚਰਜ਼ ਹੋਮ ਵਿਖੇ ਸ਼ਹਿਰ ਵਾਸੀਆਂ ਨਾਲ ਮੀਟਿੰਗ ਕਰਨ ਵਾਸਤੇਆਏ ਸਨ।ਬਾਅਦ ਵਿੱਚਗੱਲਬਾਤ ਦੌਰਾਨ ਉਨ੍ਹਾ ਨੇ ਕਿਹਾ ਕਿ ਬਠਿੰਡਾ ਦੇ ਕੁਝ ਬੁੱਧੀਜੀਵੀਆਂ ਨੇ ਉਨ੍ਹਾਂ ਨੂੰ ਮਿਲਣ ਲਈ ਖਾਸ ਤੌਰ ਉੱਤੇਸੱਦਿਆ ਸੀ, ਜਿਸ ਕਾਰਨ ਉਹ ਸ਼ਹਿਰ ਵਾਸੀਆਂ ਨੂੰ ਮਿਲੇ ਤੇ ਪੰਜਾਬ ਦੇ ਭਵਿੱਖ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਨੇ 'ਮਿਸ਼ਨ ਪੰਜਾਬ ਸ਼ੁਰੂ ਕੀਤਾ ਹੈ, ਕਿਉਂਕਿ ਜਦੋਂ ਤਕ ਵੋਟਰ ਦੇ ਹੱਥ ਸੱਤਾ ਨਹੀਂ ਹੋਵੇਗੀ, ਉਦੋਂ ਤੱਕ ਕਾਰਪੋਰੇਟ ਹੱਥਾਂ ਦੇ ਖਿਡੌਣੇ ਬਣੇ ਲੀਡਰਾਂ ਵੱਲੋਂ ਆਮ ਲੋਕਾਂ ਉੱਤੇ ਕਨੂੰਨ ਥੋਪੇ ਜਾਣਗੇ,ਲੋਕਾਂ ਦੀ ਦੁਰਦਸ਼ਾ ਹੁੰਦੀ ਰਹੇਗੀ ਤੇ ਇਨ੍ਹਾਂ ਹਾਲਤਾਂ ਨੂੰ ਬਦਲਣ ਲਈ ਚੋਣਾਂ ਲੜਨਾ ਜ਼ਰੂਰੀ ਹੈ, ਜਿਸ ਲਈ ਉਹ ਪੰਜਾਬ ਦੇ ਲੋਕਾਂ ਨੂੰ ਤਿਆਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਦੇ ਮੁੱਖ ਚਿਹਰੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਦਾ ਹਾਲੇ ਵੀ ਗੱਦੀ ਉੱਤੇਹੋਣਾ ਦੱਸਦਾ ਹੈ ਕਿ ਆਮ ਲੋਕਾਂ ਉੱਤੇ ਜ਼ੁਲਮਾਂ ਕਾਰਨ ਅੱਗੇ ਜਾ ਕੇ ਲੋਕਾਂ ਦੀ ਇਸ ਤੋਂ ਵੀ ਬੁਰੀ ਹਾਲਤ ਕੀਤੀ ਜਾਵੇਗੀ ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਵੇਂ ਕਿਸਾਨ ਅੰਦੋਲਨ ਵਿਚ ਉਨ੍ਹਾਂ ਨੇ ਮਿਸਾਲ ਪੇਸ਼ ਕੀਤੀ ਹੈ, ਉਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਵਿਚ ਸਾਰੀਆਂ ਰਾਜਸੀ ਪਾਰਟੀਆਂ ਨੂੰ ਲਾਂਭੇ ਕਰਕੇ ਆਮ ਲੋਕਾਂ ਦੀ ਸਰਕਾਰ ਚੁਣ ਕੇ ਮਿਸਾਲ ਪੇਸ਼ ਕਰ ਸਕਦੇ ਹਨ।

# ਕੇਂਦਰੀ ਫੈਸਲੇ ਉਪਰੰਤ ਜਾਖੜ ਨੇ ਮੁੱਖ ਮੰਤਰੀ ਚੰਨੀ ਨੂੰ ਘੇਰਿਆ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਫ਼ੈਸਲੇ ਨੂੰ ਲੈ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਘੇਰਾਬੰਦੀ ਕੀਤੀ ਹੈ। ਸਾਬਕਾ ਪ੍ਰਧਾਨ ਨੇ ਮੁੱਖ ਮੰਤਰੀ ਚੰਨੀ ਨੂੰ ਖ਼ਬਰਦਾਰ ਵੀ ਕੀਤਾ ਹੈ ਅਤੇ ਉਨ੍ਹਾਂ ਨੇ ਚੰਨੀ 'ਤੇ ਸਵਾਲ ਵੀ ਉਠਾਏ ਹਨ। ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਬੰਗਾਲ ਅਤੇ ਅਸਾਮ ਰਾਜ ਵਿਚ ਬੀਐੱਸਐੱਫ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਹੈ। ਕੇਂਦਰ ਨੇ ਇਸ ਫ਼ੈਸਲੇ ਪਿੱਛੇ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਦਾ ਹਵਾਲਾ ਦਿੱਤਾ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 5 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਕੀਤੀ ਸੀ, ਜਿਸ ਵਿਚ ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਸਰਹੱਦਾਂ ਨੂੰ ਸੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਹੁਣ ਜੋ ਕੇਂਦਰੀ ਗ੍ਰਹਿ ਮੰਤਰਾਲੇ ਨੇ ਸੱਜਰਾ ਫ਼ੈਸਲਾ ਕੀਤਾ ਹੈ, ਉਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਕਰ ਕੇ ਮੰਗ ਕਰਨ ਦਾ ਫ਼ੈਸਲਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਸਿਆਸੀ ਤੌਰ 'ਤੇ ਪੁੱਠਾ ਪੈ ਸਕਦਾ ਹੈ। ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਟਵੀਟ ਕਰਕੇ ਕਿਹਾ ਕਿ "ਕਿਸੇ ਤਰ੍ਹਾਂ ਦੀ ਮੰਗ ਕਰਦੇ ਹੋਏ ਸਾਵਧਾਨੀ ਵਰਤਣੀ ਚਾਹੀਦੀ ਹੈ। ਕੀ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਅਣਜਾਣੇ ਵਿਚ ਅੱਧਾ ਪੰਜਾਬ ਕੇਂਦਰ ਦੇ ਹਵਾਲੇ ਕਰ ਦਿੱਤਾ ਹੈ? ਇਸ ਤਰ੍ਹਾਂ ਪੰਜਾਬ ਦੇ ਕੁੱਲ 50 ਹਜ਼ਾਰ ਕਿਲੋਮੀਟਰ ਦੇ ਰਕਬੇ 'ਚੋਂ 25 ਹਜ਼ਾਰ ਕਿਲੋਮੀਟਰ ਰਕਬੇ ਨੂੰ ਬੀਐੱਸਐੱਫ ਦੇ ਅਧਿਕਾਰ ਖੇਤਰ ਹੇਠ ਲਿਆਂਦਾ ਗਿਆ ਹੈ। ਇਸ ਫ਼ੈਸਲੇ ਨਾਲ ਪੰਜਾਬ ਪੁਲੀਸ ਦੇ ਅਧਿਕਾਰ ਖੋਹੇ ਗਏ ਹਨ। ਕੀ ਅਸੀਂ ਅਜੇ ਵੀ ਸੂਬਿਆਂ ਲਈ ਹੋਰ ਖ਼ੁਦਮੁਖ਼ਤਿਆਰੀ ਦੀ ਮੰਗ ਕਰਾਂਗੇ?" ਉਧਰ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਤਾਂ ਪਹਿਲਾਂ ਹੀ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਨਿਸ਼ਾਨੇ 'ਤੇ ਲਿਆ ਹੋਇਆ ਸੀ ਅਤੇ ਅੱਜ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਵੀ ਚੰਨੀ ਦੀ ਕੇਂਦਰੀ ਫ਼ੈਸਲੇ ਦੇ ਮੱਦੇਨਜ਼ਰ ਘੇਰਾਬੰਦੀ ਕੀਤੀ ਗਈ ਹੈ।

# ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵੱਲੋਂ ਕੈਨੇਡਾ ਤੇ ਭਾਰਤ ਦੇ ਚਲੰਤ ਮਸਲਿਆਂ ਤੇ ਵਿਚਾਰ ਚਰਚਾ

ਸਰੀ, (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਦੀ ਇਕ ਜ਼ਰੂਰੀ ਮੀਟਿੰਗ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਕੈਨੇਡਾ ਸਮੇਤ ਭਾਰਤ ਵਿਚਲੇ ਚਲੰਤ ਮਸਲਿਆਂ ਤੇ ਵਿਚਾਰ ਚਰਚਾ ਕੀਤੀ ਗਈ। ਕੈਨੇਡਾ ਵਿਚ ਹਰ ਰੋਜ਼ ਅੰਧਵਿਸ਼ਵਾਸ਼ ਫੈਲਾਉਣ ਵਾਲੇ ਠੱਗਾਂ ਦੇ ਵਧ ਰਹੇ ਅੱਡਿਆਂ ਤੇ ਚਿੰਤਾ ਜ਼ਾਹਰ ਕੀਤੀ ਗਈ ਅਤੇ ਅਜਿਹੇ ਗੈਰ-ਕਾਨੂੰਨੀ ਅਤੇ ਗੈਰ-ਵਿਗਿਆਨਿਕ ਅਨਸਰਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਭ ਪੱਧਰ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਗਈ ਕਿ ਇਨ੍ਹਾਂ ਅਖੌਤੀ ਜੋਤਿਸ਼ੀਆਂ, ਤਾਂਤਰਿਕਾਂ ਦੇ ਕਥਿਤ ਝੂਠੇ ਇਸ਼ਤਿਹਾਰਾਂ ਤੇ ਮੁਕੰਮਲ ਪਬੰਦੀ ਲਾਈ ਜਾਵੇ। ਸੁਸਾਇਟੀ ਇਹ ਮੰਗ ਪਿਛਲੇ 20 ਸਾਲਾਂ ਤੋਂ ਕਰਦੀ ਆ ਰਹੀ ਹੈ ਅਤੇ ਲੋਕਾਂ ਨੂੰ ਰੇਡੀ?, ਟੀ ਵੀ, ਸੋਸ਼ਲ ਮੀਡੀਆ ਤੋਂ ਇਲਾਵਾ ਸਮਾਜਿਕ ਸਮਾਗਮਾਂ ਰਾਹੀਂ ਜਾਗਰੂਕ ਕਰਦੀ ਆ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਸਹਿ ਸਕੱਤਰ ਨਿਰਮਲ ਸਿੰਘ ਕਿੰਗਰਾ ਨੇ ਦੱਸਿਆ ਹੈ ਕਿ ਭਾਰਤ ਵਿਚਲੇ ਕਿਸਾਨ ਸੰਘਰਸ਼ ਬਾਰੇ ਵਿਚਾਰ ਕਰਦਿਆਂ ਤਰਕਸ਼ੀਲ ਆਗੂਆਂ ਨੇ ਕਿਹਾ ਕਿ ਲਖੀਮਪੁਰ ਵਿਖੇ ਕਿਸਾਨਾਂ ਉਪਰ ਇਕ ਗਿਣੀ ਮਿਥੀ ਸਾਜਿਸ਼ ਤਹਿਤ ਹਮਲਾ ਕੀਤਾ ਗਿਆ ਹੈ ਜਿਸ ਵਿਚ ਕਿਸਾਨਾਂ ਸਮੇਤ ਕੁੱਲ 9 ਜਾਨਾਂ ਜਾ ਚੁੱਕੀਆਂ ਹਨ। ਸੁਸਾਇਟੀ ਨੇ ਇਨ੍ਹਾਂ ਮੌਤਾਂ ਲਈ ਮੋਦੀ ਹਕੂਮਤ ਅਤੇ ਬੀ ਜੇ ਪੀ ਨੂੰ ਜ਼ਿੰਮੇਵਾਰ ਦਸਦਿਆਂ ਇਸ ਦੀ ਸਖਤ ਨਿੰਦਿਆ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਦੋਸ਼ੀ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਸੁਸਾਇਟੀ ਨੇ ਇਹ ਵੀ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਨੂੰ ਤੁਰੰਤ ਬਰਖਾਸਤ ਕਰੇ ਅਤੇ ਮੁੱਖ ਮੰਤਰੀ ਹਰਿਆਣਾ ਵੱਲੋਂ ਦਿੱਤੇ ਭੜਕਾਊ ਬਿਆਨ ਕਰਕੇ ਉਸ ਤੋਂ ਅਸਤੀਫਾ ਲਿਆ ਜਾਵੇ। ਕਿਸਾਨ ਵਿਰੋਧੀ ਤਿੰਨੇ ਖੇਤੀ ਕਾਨੂੰਨ ਵਾਪਿਸ ਲੈਣ ਅਤੇ ਐੱਮ ਐੱਸ ਪੀ ਸਾਰੇ ਦੇਸ਼ ਵਿੱਚ ਲਾਗੂ ਕਰਨ ਲਈ ਕਾਨੂੰਨ ਪਾਸ ਕਰਨ ਅਤੇ ਕਿਸਾਨ ਸੰਘਰਸ਼ ਨੂੰ ਸਮਾਪਤ ਕਰਕੇ ਦੇਸ਼ ਦੇ ਲੋਕਾਂ ਵਿਚ ਫੈਲੀ ਅਸੰਤੁਸ਼ਟੀ ਦੀ ਭਾਵਨਾ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ।

TARKSHEEL SOCIETY OF CANADA


## Injured in an accident?

## ICBC claim?

## We can help.

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St.,
Surrey, BC, V3W 4E8

satvir.cheema@century21.ca

PUNJAB LINK
ਪੰਜਾਬ ਲਿੰਕ
ਸ਼ਨਿਚਰਵਾਰ, 16 ਅਕਤੂਬਰ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St.,
Surrey, BC, V3W 4E8



info@amrikcheema.com

## ਭਾਰਤ ਮੁੜ ਕੇ ਪਾਕਿ ਵਿਰੁੱਧ ਸਰਜੀਕਲ ਸਟਰਾਈਕ ਕਰ ਸਕਦੈ-ਅਮਿਤ ਸ਼ਾਹ

ਨਵੀਂ ਦਿੱਲੀ-ਜੰਮੂ-ਕਸ਼ਮੀਰ ਵਿੱਚ ਅੱਤਵਾਦੀਆਂ ਵੱਲੋਂ ਆਮ ਨਾਗਰਿਕਾਂ ਨੂੰ ਮਾਰਦੇ ਜਾਣ ਦੀਆਂ ਘਟਨਾਵਾਂ ਕਾਰਨ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਕਿਸਤਾਨ ਨੂੰ ਤਿੱਖੀ ਚਿਤਾਵਨੀ ਦਿੱਤੀ ਹੈ ਕਿ ਜੇ ਉਹ ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿਚਲੇ ਅੱਤਵਾਦੀਆਂ ਨੂੰ ਹੱਲਾਸ਼ੇਰੀ ਦਿੰਦਾ ਰਹੇਗਾ ਤਾਂ ਉਸਨੂੰ ਇੱਕ ਹੋਰ ਸਰਜੀਕਲ ਸਟਰਾਈਕ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਅਮਿਤ ਸ਼ਾਹ ਨੇ ਕਿਹਾ ਕਿ 'ਭਾਰਤ ਨੇ 2016 ਵਿੱਚ ਪਾਕਿਸਤਾਨ ਉਤੇ ਸਰਜੀਕਲ ਸਟਰਾਈਕ ਕਰ ਕੇ ਸਾਬਤ ਕਰ ਦਿੱਤਾਸੀ ਕਿ ਅਸੀਂ ਹਮਲੇ ਬਰਦਾਸ਼ਤ ਨਹੀਂ ਕਰਦੇ। ਜੇ ਤੁਸੀਂ ਉਲੰਘਣਾ ਕਰੋਗੇ ਤਾਂ ਫਿਰ ਸਰਜੀਕਲ ਸਟਰਾਈਕ ਹੋਵੇਗੀ। ਉਨ੍ਹਾ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਰੱਖਿਆ ਮੰਤਰੀ ਮਨੋਹਰ ਪਾਰੀਕਰ ਦੀ ਨਿਗਰਾਨੀ ਹੇਠ ਕੀਤੀ ਗਈ ਉਹ ਸਰਜੀਕਲ ਸਟਰਾਈਕ ਮਹੱਤਵਪੂਰਨ ਕਦਮ ਸੀ ਤੇ ਅਸੀਂ ਇਹ ਸੰਦੇਸ਼ ਦਿੱਤਾ ਸੀ ਕਿ ਭਾਰਤੀ ਸਰਹੱਦਾਂ ਨੂੰ ਕੋਈ ਉਲੰਘ ਨਹੀਂ ਸਕਦਾ। ਗੱਲ ਕਰਨ ਦਾ ਸਮਾਂ ਪਹਿਲਾਂ ਸੀ, ਅੱਜ ਪ੍ਰਤੀਕਿਰਿਆ ਦੇਣ ਦਾ ਸਮਾਂ ਹੈ। ਉਸ ਦੇ ਬਾਅਦ ਜੋ ਹੋਇਆ ਸੀ, ਸਭ ਨੂੰ ਪਤਾ ਹੈ। ਵਰਨਣ ਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਜੰਮੂ-ਕਸ਼ਮੀਰ ਵਿੱਚ ਹਿੰਦੂਆਂ ਤੇ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕਤਲ ਕੀਤੇ ਗਏ ਹਨ। ਅੱਤਵਾਦੀਆਂ ਵੱਲੋਂਆਮ ਲੋਕਾਂ ਨੂੰ ਮਾਰਨ ਪਿੱਛੋਂ ਫੌਜ ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ ਅੱਤਵਾਦੀਆਂ ਵੱਲੋਂ ਫੌਜ ਉੱਤੇ ਵੀ ਹਮਲਾ ਕਰਨ ਪਿੱਛੋਂ ਲੋਕ ਅੱਤਵਾਦੀਆਂ ਉੱਤੇ ਢੁਕਵੇਂ ਹਮਲੇ ਦੀ ਮੰਗ ਕਰ ਰਹੇ ਹਨ। ਫ਼ੌਜ ਨੇ ਘਾਟੀ ਵਿੱਚਅੱਤਵਾਦੀਆਂ ਨੂੰ ਘੇਰ ਕੇ ਸਫਾਇਆ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈਤੇ ਕੁਝ ਅੱਤਵਾਦੀਆਂ ਨੂੰ ਦਿੱਲੀ ਅਤੇ ਹੋਰ ਰਾਜਾਂ ਤੋਂ ਜਿੰਦਾ ਵੀ ਫੜਿਆ ਹੈ, ਜਿਸ ਮਗਰੋਂ ਇਨ੍ਹਾਂ ਅੱਤਵਾਦੀਆਂ ਦੇ ਇਕਬਾਲੀਆ ਬਿਆਨ ਨੇ ਸੰਸਾਰ ਸਾਹਮਣੇ ਪਾਕਿਸਤਾਨ ਦੀ ਪੋਲ ਖੋਲ੍ਹ ਦਿੱਤੀ ਹੈ।



# ਜਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਆਰਮੀ ਕਮਾਂਡਰ ਦੀ ਫੌਜ ਦੇ ਸਰਬਉੱਚ ਅਹੁਦੇ ਉੱਤੇ ਕੀਤੀ ਜਾਣ ਵਾਲੀ ਪ੍ਰੋਮੋਸ਼ਨ ਟਲੀ

ਓਟਵਾ-ਕੈਨੇਡੀਅਨ ਆਰਮੀ ਕਮਾਂਡਰ ਲੈਫਟੀਨੈਂਟ ਜਨਰਲ ਟ੍ਰੈਵਰ ਕੈਡੀਊ ਦੀ ਫੋਜ ਦੇ ਸਰਬਉੱਚ ਅਹੁਦੇ ਉੱਤੇ ਕੀਤੀ ਜਾਣ ਵਾਲੀ ਪ੍ਰਮੋਸ਼ਨ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ ਅਜਿਹਾ ਉਨ੍ਹਾਂ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਚੱਲ ਰਹੀ ਜਾਂਚ ਕਾਰਨ ਕੀਤਾ ਗਿਆ। ਜਿਕਰਯੋਗ ਹੈ ਕਿ ਸਤੰਬਰ ਦੇ ਸ਼ੁਰੂ ਵਿੱਚ ਇੱਕ ਸੀਨੀਅਰ ਮਹਿਲਾ ਸੈਨਿਕ ਨੇ ਕੈਡਿਊ ਖਿਲਾਫ ਜਿਨਸੀ ਸੋਸ਼ਸ਼ਣ ਦਾ ਦੋਸ਼ ਲਗਾਇਆ ਸੀ ਜਿਸ ਸਬੰਧ ਵਿੱਚ ਇਸ ਮਹਿਲਾ ਸੈਨਿਕ ਵੱਲੋਂ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸ ( ਸੀ ਐਫ ਐਨ ਆਈ ਐਸ ), ਜੋ ਕਿ ਕੈਨੇਡੀਅਨ ਮਿਲਟਰੀ ਪੁਲਿਸ ਦਾ ਜਾਂਚ ਕਰਨ ਵਾਲਾ ਵਿੰਗ ਹੈ, ਨਾਲ ਵੀ ਗੱਲ ਕੀਤੀ ਗਈ ਸੀ। ਕੈਡਿਊ ਨੇ 7 ਸਤੰਬਰ ਨੂੰ ਆਰਮੀ ਕਮਾਂਡਰ ਦਾ ਅਹੁਦਾ ਸਾਂਭਣਾ ਸੀ, ਪਰ ਇਸ ਤੋਂ ਦੋ ਦਿਨ ਪਹਿਲਾਂ ਕਾਰਜਕਾਰੀ ਡਿਫੈਂਸ ਚੀਫ ਜਨਰਲ ਵੇਅਨ ਆਇਰ ਨੂੰ ਜਦੋਂ ਸੀਐਫਐਨਆਈਐਸ ਵੱਲੋਂ ਇਸ ਜਾਂਚ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਨੇ ਇਸ ਸਮਾਰੋਹ ਨੂੰ ਮੁਲਤਵੀ ਕਰ ਦਿੱਤਾ। ਡਿਫੈਂਸ ਡਿਪਾਰਟਮੈਂਟ ਤੇ ਕੈਨੇਡੀਅਨ ਆਰਮਡ ਫੋਰਸਿਜ਼ ਨੇ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਇਸ ਸਮਾਰੋਹ ਨੂੰ ਮੁਲਤਵੀ ਕੀਤੇ ਜਾਣ ਤੋਂ ਭਾਵ ਲੈਫਟੀਨੈਂਟ ਜਨਰਲ ਕੈਡਿਊ ਖਿਲਾਫ ਅਭਿਯੋਗ ਚਲਾਉਣਾ ਨਹੀਂ ਹੈ। ਕੈਡਿਊ 29 ਸਾਲਾਂ ਤੋਂ ਫੌਜ ਵਿੱਚ ਹਨ ਤੇ ਉਹ ਬੋਸਨੀਆ ਤੇ ਅਫਗਾਨਿਸਤਾਨ ਮਿਸ਼ਨ ਉੱਤੇ ਵੀ ਜਾ ਚੁੱਕੇ ਹਨ। ਪਿੱਛੇ ਜਿਹੇ ਉਹ ਚੀਫ ਆਫ ਦ ਡਿਫੈਂਸ ਸਟਾਫ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਸਨ। ਇੱਕ ਲਿਖਤੀ ਬਿਆਨ ਵਿੱਚ ਕੈਡਿਊ ਨੇ ਆਖਿਆ ਕਿ ਇਹ ਦੋਸ਼ ਝੂਠੇ ਹਨ ਪਰ ਉਨ੍ਹਾਂ ਦੀ ਚੰਗੀ ਤਰ੍ਹਾਂ ਜਾਂਚ ਹੋਣੀ ਜ਼ਰੂਰੀ ਹੈ ਤਾਂ ਕਿ ਸੱਚ ਬਾਹਰ ਆ ਸਕੇ।



**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes



HUGHES & COMPANY LAW CORPORATION

www.hughesco.com CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS

Ansonylon

STAINMASTER CARPET

ClearTouch

from $1.98 SF — **Berber** Installed

**Textured Saxony** Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਕਦੋਂ ਮੁਕਤ ਹੋਣਗੀਆਂ ਕੋਝੀਆਂ ਪਰੰਪਰਾਵਾਂ ਤੋਂ ਔਰਤਾਂ ?




ਨਾਰੀ ਸੁਸ਼ਕਤੀਕਰਨ ਦੇ ਨਾਮ ਉੱਪਰ ਪਿਛਲੇ ਕੁਝ ਸਮੇਂ ਤੋਂ ਪਤਾ ਨਹੀਂ ਕਿੰਨੇ ਕੁ ਪ੍ਰੋਗਰਾਮ, ਸਮਾਗਮ, ਸਰਗਰਮੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਦੇਸ਼ ਦੀਆਂ ਸਰਕਾਰਾਂ ਨੇ ਯਤਨ ਕੀਤਾ ਕਿ ਔਰਤਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਅਜਿਹੇ ਕਦਮ ਚੁੱਕੇ ਜਾਣ ਜਿੰਨਾ ਨਾਲ ਔਰਤਾਂ ਆਤਮ ਨਿਰਭਰ ਹੋ ਸਕਣ, ਆਰਥਿਕ ਪੱਖੋਂ ਮਜ਼ਬੂਤ ਹੋ ਸਕਣ । ਵੱਖ ਵੱਖ ਤਰੀਕਿਆਂ ਨਾਲ ਔਰਤਾਂ ਨੂੰ ਤਕਨੀਕੀ ਤੇ ਮਿਆਰੀ ਸਿੱਖਿਆ ਦੇਣ ਦੇ ਵੀ ਯੋਗ ਪ੍ਰਬੰਧ ਕੀਤੇ ਗਏ। ਔਰਤਾਂ ਨੂੰ ਬਰਾਬਰਤਾ ਦੇ ਮੌਕੇ ਪ੍ਰਦਾਨ ਕਰਨ ਲਈ ਵੀ ਬਹੁਤ ਸਾਰੇ ਯਤਨ ਕੀਤੇ ਗਏ, ਜਿੰਨਾ ਦਾ ਬਹੁਤ ਸਾਰੀਆਂ ਔਰਤਾਂ ਨੇ ਲਾਭ ਵੀ ਉਠਾਇਆ। ਤਿੰਨ ਤਲਾਕ ਤੇ ਵੀ ਦੇਸ਼ ਦੀ ਨਿਆਪਾਲਿਕਾ ਨੇ ਇਸ ਅਣਮਨੁੱਖੀ ਪ੍ਰਥਾ ਨੂੰ ਖਤਮ ਕਰਨ ਦੇ ਨਾਲ ਨਾਲ ਅਜਿਹਾ ਅਪਰਾਧ ਕਰਨ ਵਾਲਿਆਂ ਵਿਰੁੱਧ ਸਜ਼ਾ ਦੀ ਵਿਵਸਥਾ ਵੀ ਕੀਤੀ। ਇਸ ਤੋਂ ਇਲਾਵਾ ਅਸੀ ਦੇਖਦੇ ਹਾਂ ਕਿ ਅੱਜ ਔਰਤ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ । ਸਿੱਖਿਆ, ਸਿਹਤ,ਸੁਰੱਖਿਆ, ਖੇਡ, ਵਿਗਿਆਨ ਕੋਈ ਵੀ ਖੇਤਰ ਹੋਵੇ ਕੁਝ ਔਰਤਾਂ ਨੇ ਆਪਣੀ ਹੋਂਦ ਨੂੰ ਦੁਨੀਆਂ ਸਾਹਮਣੇ ਪੇਸ਼ ਕੀਤਾ ਹੈ। ਪਰ ਇਹ ਕਹਾਣੀ ਕੁਝ ਕੁ ਔਰਤਾਂ ਦੀ ਹੈ, ਜੋ ਮੀਡੀਆ ਦੀ ਤੇਜ਼ ਅੱਖ ਦੇ ਅੱਗੇ ਆ ਗਈਆਂ।


ਹਰਕੀਰਤ ਕੌਰ
9779118066

ਇੱਕ ਕਹਾਣੀ ਕੈਮਰੇ ਤੋਂ ਪਿੱਛੇ ਦੀ ਵੀ ਹੈ, ਉਹ ਕਹਾਣੀ ਉਹਨਾਂ ਔਰਤਾਂ ਦੀ ਹੈ ਜਿੰਨਾ ਤੱਕ ਨਾ ਤਾਂ ਸਰਕਾਰਾਂ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਜਾਂ ਮੌਕੇ ਪਹੁੰਚੇ, ਨਾ ਮੀਡੀਆ ਦੇ ਕੈਮਰੇ ਦੀਆਂ ਅੱਖਾਂ। ਬਹੁਤਾਤ ਔਰਤਾਂ ਜਿੰਨਾ ਵਿਚੋਂ ਜਿਆਦਾਤਰ ਨਵਵਿਆਹੁਤਾ ਜਵਾਨ ਲੜਕੀਆਂ ਹਨ, ਦੀ ਹਾਲਤ ਬਹੁਤ ਤਰਸਯੋਗ ਹੈ। ਆਪਣੇ ਹੀ ਘਰਾਂ ਵਿੱਚ ਹਿੰਸਾ ਦੀਆਂ ਸ਼ਿਕਾਰ ਹੁੰਦੀਆਂ ਔਰਤਾਂ ਬੇਬਸ ਹਨ, ਪਹਿਲਾਂ ਪੇਕੇ ਘਰ ਵਿਤਕਰੇ ਦਾ ਸਾਹਮਣਾ ਕਰਨ, ਪੜਨ ਦੇ ਸਹੀ ਮੌਕੇ ਨਾ ਮਿਲਣ ਕਰਕੇ ਆਪਣੇ ਸੁਪਨਿਆਂ ਨੂੰ ਅੰਦਰੋਂ ਅੰਦਰੀ ਘੁੱਟ ਕੇ ਵਿਆਹੁਤਾ ਜੀਵਨ ਦੀ ਸ਼ੁਰੂਆਤ ਕਰਦੀਆਂ ਹਨ ਫਿਰ ਉੱਥੇ ਵੀ ਜਾ ਕੇ ਤਸ਼ੱਦਦ ਸਹਿਣਾ ਪੈਂਦਾ ਹੈ, ਸਾਡੇ ਸਮਾਜ ਦੀ ਤਰਾਸਦੀ ਵੇਖੋ ਕਿ ਇੱਕ ਮਰਦ ਔਰਤ ਉੱਪਰ ਚਾਹੇ ਕਿਸੇ ਵੀ ਤਰ੍ਹਾਂ ਜ਼ੁਲਮ ਕਰੇ, ਕਿੰਨਾ ਵੀ ਤਸ਼ੱਦਦ ਕਰੇ, ਬੜੇ ਹੱਕ ਨਾਲ ਔਰਤ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਜਿਵੇ ਉਸਨੇ ਔਰਤ ਬਣ ਕੇ ਕੋਈ ਪਾਪ ਕੀਤਾ ਹੋਵੇ। ਘਰ ਦੇ ਸਾਰੇ ਕਾਰ ਵਿਹਾਰ ਸੰਭਾਲਦਿਆਂ ਵੀ ਔਰਤ ਨੂੰ ਸੱਸ, ਸਹੁਰੇ, ਪਤੀ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜਿਹੜੀ ਔਰਤ ਇਹਨਾਂ ਵਧੀਕੀਆਂ ਦਾ ਚੁੱਪ ਚਾਪ ਸਾਹਮਣਾ ਕਰਦੀ ਰਹੇ, ਦੁੱਖ ਦਰਦ, ਵਿਤਕਰੇ ਆਪਣੇ ਆਪ ਉੱਪਰ ਹੰਢਾਉਂਦੀ ਰਹੇ ਫਿਰ ਤਾਂ ਔਰਤ ਬਹੁਤ ਮਹਾਨ ਹੈ, ਸਾਊ ਹੈ, ਉੱਚੇ ਆਚਰਣ ਵਾਲੀ ਹੈ, ਪਰ ਜੇ ਕਿਤੇ ਉਸਨੇ ਹਿੰਮਤ ਕਰਕੇ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਦਾ ਯਤਨ ਕੀਤਾ, ਆਪਣੀ ਜਿੰਦਗੀ ਨੂੰ ਲੀਹੇ ਪਾਉਣ ਲਈ ਕਦਮ ਚੁੱਕਿਆ ਤਾਂ ਸਾਡੇ ਸਮਾਜ ਵੱਲੋਂ ਉਸੇ ਔਰਤ ਨੂੰ ਸਵਾਲੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਪਤਾ ਨਹੀਂ ਸਾਡੇ ਸਮਾਜ ਵਿੱਚ ਕਿੰਨੀਆਂ ਹੀ ਅਜਿਹੀਆਂ ਔਰਤਾਂ ਹਨ ਜੋ ਸਮਾਜ ਦੇ ਸਵਾਲਾਂ ਤੋਂ ਡਰਦੀਆਂ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ ਅਤੇ ਨਰਕ ਭਰੀ ਜਿੰਦਗੀ ਜੀਅ ਰਹੀਆਂ ਹਨ।ਬਹੁਤ ਸਾਰੀਆਂ ਔਰਤ ਪਾਠਕਾਂ ਆਪਣੀਆਂ ਮੁਸ਼ਕਿਲਾਂ ਜਦ ਸਾਂਝੀਆਂ ਕਰਦੀਆਂ ਹਨ ਤਾਂ ਮਨ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਕਿਸੇ ਇੱਕ ਇਨਸਾਨ ਦੀ ਜਿੰਦਗੀ ਨੂੰ ਕੰਟਰੋਲ ਕਰਨ ਦਾ ਅਧਿਕਾਰ ਕਿਸੇ ਦੂਸਰੇ ਇਨਸਾਨ ਨੂੰ ਕਿਵੇਂ ਹੋ ਸਕਦਾ ਹੈ। ਜੀਵਨ ਰੂਪੀ ਤੋਹਫ਼ਾ ਕੁਦਰਤ ਵੱਲੋਂ ਮਿਲਿਆ ਹੈ, ਕਿਸੇ ਦੂਸਰੇ ਵਿਅਕਤੀ ਨੂੰ ਕਿਸੇ ਇੱਕ ਦੀ ਜਿੰਦਗੀ ਖਰਾਬ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਹਰ ਇੱਕ ਨੂੰ ਆਪਣੀ ਜਿੰਦਗੀ ਜਿਊਣ ਦਾ ਹੱਕ ਹੈ। ਸੱਸਾਂ, ਨਨਾਣਾਂ, ਨੂੰਹਾਂ ਦੇ ਰੂਪ ਵਿੱਚ ਬੈਠੀਆਂ ਔਰਤਾਂ ਨੂੰ ਚਾਹੀਦਾ ਹੈ ਕਿ ਘੱਟੋ ਘੱਟ ਤੁਸੀਂ ਇੱਕ ਦੂਸਰੇ ਦੀ ਤਾਕਤ ਬਣੋ। ਇੱਕ ਔਰਤ ਦੂਸਰੀ ਔਰਤ ਦਾ ਸਾਥ ਦੇਵੇ ਤਾਂ ਸਮਾਜ ਵਿੱਚ ਔਰਤਾਂ ਦੀ ਸਥਿਤੀ ਕੁਝ ਹੱਦ ਤੱਕ ਸਹੀ ਕੀਤੀ ਜਾ ਸਕਦੀ ਹੈ। ਬਹੁਤ ਸਾਰੀਆਂ ਔਰਤਾਂ ਅਜਿਹੀਆਂ ਹਨ ਜੋ ਸਿੱਖਿਅਤ ਹੋਕੇ ਵੀ ਆਪਣੇ ਫ਼ੈਸਲੇ ਖੁਦ ਨਹੀਂ ਕਰ ਸਕਦੀਆਂ। ਦੇਸ਼ ਦੀਆਂ ਸਿੱਖਿਅਤ ਔਰਤਾਂ ਵੀ ਖਾਮੋਸ਼ ਕਿਉਂ ਰਹਿੰਦੀਆਂ ਹਨ ? ਜੇਕਰ ਔਰਤਾਂ ਆਪਣੇ ਫ਼ੈਸਲੇ ਆਪ ਨਹੀਂ ਕਰਨਗੀਆਂ, ਜ਼ੁਲਮ ਵਿਰੁੱਧ ਅਵਾਜ਼ ਨਹੀਂ ਉਠਾਉਣ ਗੀਆਂ ਤਾਂ ਉਹਨਾਂ ਕੋਲ ਕੋਈ ਹੱਕ ਨਹੀਂ ਕਿ ਉਹ ਆਪਣੇ ਹਲਾਤਾਂ ਨੂੰ ਕੋਸਣ । ਜੇਕਰ ਅਸੀਂ ਸਮਰੱਥ ਹੋਣ ਦੇ ਬਾਵਜੂਦ ਵੀ ਗਲਤ ਵਿਰੁੱਧ ਅਵਾਜ਼ ਬੁਲੰਦ ਨਹੀਂ ਕਰਦੀਆਂ ਤਾਂ ਸਮਾਜ ਵਿੱਚ ਔਰਤ ਦੀ ਹਾਲਤ ਕਦੇ ਵੀ ਨਹੀਂ ਸੁਧਰ ਸਕੇਗੀ।

ਇਹ ਬਹੁਤ ਸਾਰੀਆਂ ਔਰਤਾਂ ਦੀ ਕਹਾਣੀ ਹੈ ਜੋ ਘਰੇਲੂ ਹਿੰਸਾ ਦਾ, ਦੁਰਵਿਵਹਾਰ ਦਾ ਸ਼ਿਕਾਰ ਹੁੰਦੀਆਂ ਹਨ। ਜਿੰਨਾ ਤੱਕ ਕੋਈ ਸਹੂਲਤ ਨਹੀਂ ਪੁੰਹਚਦੀ , ਪਰ ਇੱਕ ਗੱਲ ਸਾਰੀਆਂ ਔਰਤਾਂ ਨੂੰ ਸਮਝਣੀ ਪਵੇਗੀ ਕਿ ਜਿਹੜਾ ਖੁਦ ਬੰਦਿਸ਼ਾ ਤੋਂ ਮੁਕਤ ਨਹੀਂ ਹੋਣਾ ਚਾਹੁੰਦਾ ਉਸਨੂੰ ਰੱਬ ਵੀ ਮੁਕਤ ਨਹੀਂ ਕਰ ਸਕਦਾ।

ਜੇਕਰ ਔਰਤ ਚਾਹੁੰਦੀ ਹੈ ਕਿ ਉਹ ਵੀ ਖੁੱਲੇ ਅਸਮਾਨ ਵਿੱਚ ਅਜਾਦ ਪੰਛੀ ਵਾਂਗ ਉਡਾਰੀ ਭਰ ਸਕੇ, ਉਹ ਸੌੜੀ ਸੋਚ ਦੇ ਬੰਧਨਾਂ ਤੋਂ ਮੁਕਤ ਹੋਵੇ ਤਾਂ ਔਰਤ ਨੂੰ ਖੁਦ ਹੰਭਲਾ ਮਾਰਨਾ ਪਵੇਗਾ। ਆਪਣੇ ਲਈ ਅਵਾਜ਼ ਉਠਾਉਣੀ ਪਵੇਗੀ। ਨਾਲ ਦੀ ਨਾਲ ਇਹ ਵੀ ਧਿਆਨ ਵਿੱਚ ਰੱਖਣਾ ਪਵੇਗਾ ਅਜ਼ਾਦੀ ਦਾ ਅਰਥ ਖਰੂਦ ਪਾਉਣਾ ਕਦੇ ਨਹੀਂ ਹੁੰਦਾ, ਅਜ਼ਾਦੀ ਤੋਂ ਭਾਵ ਹੱਕਾਂ ਦੀ ਅਜ਼ਾਦੀ, ਨਿਰਭਉ ਹੋਕੇ ਉਡਾਣ ਭਰਨ ਦੀ ਖੁਲ੍ਹ ਹੈ।

ਸਮਾਜ ਵਿੱਚ ਬਣੀਆਂ ਇਹ ਕੋਝੀਆਂ ਪੰਰਪਰਾਵਾਂ ਜੋ ਔਰਤਾਂ ਦਾ ਗਲਾ ਘੁੱਟਦੀਆਂ ਹਨ, ਸਭ ਔਰਤਾਂ ਦੇ ਸਾਝੇਂ ਸਹਿਯੋਗ ਨਾਲ ਹੀ ਦੂਰ ਹੋ ਸਕਦੀਆਂ ਹਨ। ਬਚਪਨ ਤੋਂ ਆਪਣੇ ਬੇਟਿਆਂ ਨੂੰ ਔਰਤਾਂ ਦੀ ਇੱਜ਼ਤ ਕਰਨੀ ਸਿਖਾਉ। ਘਰ ਵਿੱਚ ਨੂੰਹ ਪੁੱਤ ਦੀ ਕਹਾਸੁਣੀ ਵਿੱਚ ਨੂੰਹ ਦੇ ਨਾਲ ਸਾਹਸ ਨਾਲ ਖੜੋ ਤੇ ਉਸਦਾ ਸਾਥ ਦਿਓ ਤਾਂ ਜੋ ਇੱਕ ਔਰਤ ਦੂਸਰੀ ਔਰਤ ਦੇ ਮੋਢੇ ਨਾਲ ਮੋਢਾ ਜੋੜ ਸਮਾਜ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕੇ। ਸਰਕਾਰਾਂ ਦਾ ਯਤਨ ਹੋਣਾ ਚਾਹੀਦਾ ਹੈ ਕਿ ਔਰਤ ਦੀ ਸੁਰੱਖਿਆ ਲਈ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਦੇਸ਼ ਦੀ ਹਰ ਔਰਤ ਤੱਕ ਪੁੱਜਦੀ ਹੋਵੇ। ਹਰ ਔਰਤ ਐਨੀ ਕਾਬਿਲ ਹੋਵੇ ਕਿ ਆਪਣੇ ਜੀਵਨ ਨਿਰਬਾਹ ਲਈ ਕਿਸੇ ਉੱਪਰ ਨਿਰਭਰ ਨਾ ਹੋਣਾ ਪਵੇ।



ਪੇਡ ਸਿੱਕ ਲੀਵ (ਤਨਖਾਹ ਸਮੇਤ ਬਿਮਾਰੀ ਲਈ ਛੁੱਟੀ) ਦਾ ਤੁਹਾਡੇ ਲਈ ਕੀ ਮਤਲਬ ਹੈ? ਆਪਣੀ ਰਾਏ ਦਿਓ।

ਬੀ ਸੀ 1 ਜਨਵਰੀ, 2022 ਤੋਂ ਸਥਾਈ ਪੇਡ ਸਿੱਕ ਲੀਵ ਸ਼ੁਰੂ ਕਰ ਰਿਹਾ ਹੈ।

ਹਜ਼ਾਰਾਂ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਫੀਡਬੈਕ ਦੇ ਆਧਾਰ 'ਤੇ ਅਸੀਂ ਤਿੰਨ ਵਿਕਲਪ ਵਿਕਸਤ ਕੀਤੇ ਹਨ।

ਸੰਭਾਵਨਾਵਾਂ ਦੀ ਸਮੀਖਿਆ ਕਰੋ। ਆਪਣੀ ਰਾਏ ਦਿਓ।

**25 ਅਕਤੂਬਰ, 2021 ਤੱਕ ਸਰਵੇ ਪੂਰਾ ਕਰੋ।**

StrongerBC

BRITISH COLUMBIA engage.gov.bc.ca/paidsickleave

# ਇੰਡੀਅਨ ਇੰਸਟੀਚਿਊਟ ਆਫ਼ ਸਟਾਕ ਮਾਰਕੀਟ ਐਨਾਲਿਸਿਸ (ਇਸਮਾ) ਅੰਮ੍ਰਿਤਸਰ ਵਿਖੇ ਉਦਘਾਟਨ

## ਸਟਾਕ ਮਾਰਕੀਟ ਬਾਰੇ ਲੋਕਾਂ ਦੇ ਗਿਆਨ ਵਿਚ ਵਾਧਾ ਜ਼ਰੂਰੀ-ਗੁਰਜੰਟ ਸਿੰਘ

ਅੰਮ੍ਰਿਤਸਰ-ਇੰਡੀਅਨ ਇੰਸਟੀਚਿਊਟ ਆਫ਼ ਸਟਾਕ ਮਾਰਕੀਟ ਐਨਾਲਿਸਿਸ (ਇਸਮਾ) ਨੇ ਅੱਜ ਅੰਮ੍ਰਿਤਸਰ ਦੇ ਬੀ ਬਲਾਕ ਰਣਜੀਤ ਐਵਿਨਿਊ ਵਿਖੇ ਉਦਘਾਟਨ ਉਪਰੰਤ ਕਲਾਸਾਂ ਸ਼ੁਰੂ ਕੀਤੀਆਂ ਹਨ। ਇਸ ਮੌਕੇ ਇਸਮਾ ਦੇ ਸੰਸਥਾਪਕ ਅਤੇ ਚੇਅਰਮੈਨ ਸ:ਗੁਰਜੰਟ ਸਿੰਘ ਅਤੇ ਡਾਇਰੈਕਟਰ ਡਾ। ਦੀਕਸ਼ਿਤਾ (ਪੀਐਚਡੀ) ਨੂੰ ਪ੍ਰੋ: ਸਰਚਾਂਦ ਸਿੰਘ ਅਤੇ ਸ: ਸਾਹਿਬ ਸਿੰਘ ਢਿੱਲੋਂ ਵੱਲੋਂ ਵਧਾਈ ਦਿੱਤੀ ਗਈ ਅਤੇ ਗੁਰੂ ਨਗਰੀ ਵਿਖੇ ਇਸਮਾ ਨੂੰ ਸਥਾਪਤ ਕਰਨ ਲਈ ਧੰਨਵਾਦ ਕੀਤਾ। ਸ: ਗੁਰਜੰਟ ਸਿੰਘ ਨੇ ਕਿਹਾ ਕਿ ਇਸਮਾ ਸੰਸਥਾ ਚੰਡੀਗੜ੍ਹ ਅਤੇ ਯਮੁਨਾਨਗਰ (ਹਰਿਆਣਾ) ਵਿਖੇ ਸਫਲਤਾ ਪੂਰਵਕ ਕਾਰਜਸ਼ੀਲ ਹੈ ਅਤੇ ਹੁਣ ਉਨ੍ਹਾਂ ਵੱਲੋਂ ਇਸ ਨੂੰ ਗੁਰੂ ਨਗਰੀ ਵਿਖੇ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸਮਾ ਆਈਲਟ ਕਰਕੇ ਵਿਦੇਸ਼ਾਂ ਵਿਚ ਜਾ ਰਹੀ ਨੌਜਵਾਨ ਪੀੜੀ ਨੂੰ ਸਵਦੇਸ਼ ਵਿਚ ਰੁਜ਼ਗਾਰ ਅਤੇ ਕਾਰੋਬਾਰ ਵਿਚ ਉੱਨਤੀ ਲਿਆਉਣ ਪ੍ਰਤੀ ਇਕ ਬਦਲ ਬਣ ਕੇ ਮਾਰਗ ਦਰਸ਼ਨ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤ ਵਿਚ ਸਟਾਕ ਮਾਰਕੀਟ ਦੀਆਂ ਅਸੀਮ ਸੀਮਾਵਾਂ ਹਨ, ਲੋੜ ਕੇਵਲ ਨੌਜਵਾਨ ਪੀੜੀ ਨੂੰ ਸਹੀ ਦਿਸ਼ਾ-ਗਾਈਡ ਪ੍ਰਦਾਨ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਆਈਆਈਐਸਐਮਏ (ਇਸਮਾ) ਸਟਾਕ ਅਤੇ ਵਪਾਰ ਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਭਾਰਤੀ ਸ਼ੇਅਰ ਬਾਜ਼ਾਰ ਦਾ ਵਿਸ਼ਲੇਸ਼ਣ ਕਰਦਿਆਂ ਸਹੀ ਪੂਜੀ ਨਿਵੇਸ਼, ਵਪਾਰ ਅਤੇ ਕ੍ਰਿਪਟੋਕੁਰੰਸੀ ਦੇ ਵੱਖੋ ਵੱਖਰੇ ਕੋਰਸ ਪੇਸ਼ ਕਰੇਗਾ। ਅਸੀਂ ਸਟਾਕ ਮਾਰਕੀਟ ਵਿੱਚ ਲੋਕਾਂ ਦੇ




ਗਿਆਨ ਨੂੰ ਉੱਚਾ ਚੁੱਕ ਕੇ ਉਨ੍ਹਾਂ ਲਈ ਦੌਲਤ ਪੈਦਾ ਕਰਨ ਲਈ ਵਚਨਬੱਧ ਹਾਂ ਅਤੇ ਇਸ ਲਈ ਉਹ ਖ਼ੁਦ ਇਹ ਚੁਣ ਸਕਦੇ ਹਨ ਕਿ ਇਸ ਮਾਰਕੀਟ ਵਿੱਚ ਕਦੋਂ ਦਾਖਲ ਹੋਣਾ ਹੈ ਅਤੇ ਕਦੋਂ ਬਾਹਰ ਜਾਣਾ ਹੈ, ਇਹ ਅੰਦਾਜ਼ੇ ਦੇ ਅਧਾਰ ਤੇ ਨਹੀਂ ਬਲਕਿ ਇੱਕ ਵਿਸ਼ਲੇਸ਼ਕ, ਇੱਕ ਚਾਰਟਿਸਟ ਜਾਂ ਇੱਕ ਪੇਸ਼ੇਵਰ ਵਪਾਰੀ ਦੀ ਤਰ੍ਹਾਂ ਕਰਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਵਪਾਰ ਦੇ ਖੇਤਰ ਵਿਚ ਇਹ ਸੰਸਥਾ ਵਿਅਕਤੀ ਦੇ ਪੋਰਟਫੋਲੀਓ ਨੂੰ ਵਧਾਉਣ ਵਿੱਚ ਸਹਾਇਤਾ ਲਈ ਸਭ ਤੋਂ ਵਧੀਆ ਖੋਜ ਪ੍ਰਦਾਨ ਤੋਂ ਇਲਾਵਾ ਵਿਅਕਤੀ ਨੂੰ ਇੱਕ ਪੇਸ਼ੇਵਰ ਵਪਾਰੀ ਬਣਨ ਅਤੇ ਉਨ੍ਹਾਂ ਦੇ ਭੌਤਿਕਵਾਦੀ ਸੁਪਨਿਆਂ ਨੂੰ ਸਾਕਾਰ ਕਰਨ ਲਈ ਇਕ ਨਿਵੇਸ਼ ਸਲਾਹਕਾਰ ਵਜੋਂ ਕੰਮ ਕਰਦੇ ਹੋਏ ਸਿਖਲਾਈ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬੀ ਖੇਤੀ ਸੈਕਟਰ ਚ ਹੀ ਨਹੀਂ ਸਗੋਂ ਉਨ੍ਹਾਂ ਚ ਵਪਾਰ ਪ੍ਰਤੀ ਗੁਣਵੱਤਾ ਚ ਵੀ ਕੋਈ ਕਮੀ ਨਹੀਂ। ਉਨ੍ਹਾਂ ਕਿਹਾ ਕਿ ਸੰਸਥਾ ਮਨੁੱਖ ਦੀਆਂ ਵਿੱਤੀ ਲੋੜਾਂ ਅਤੇ ਉਦੇਸ਼ਾਂ ਨੂੰ ਸਮਝਣ ਅਤੇ ਅਨੁਮਾਨ ਲਗਾਉਂਦਿਆਂ ਉਸ ਦੀ ਦੌਲਤ ਦੇ ਪ੍ਰਬੰਧਨ ਲਈ ਅਧਾਰ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਸੰਸਥਾ ਦਾ ਕੰਮ ਵਿਅਕਤੀ ਵਿਚ ਇੱਕ ਖੋਜਕਾਰ ਨੂੰ ਤਰਾਸ਼ਣਾ ਹੈ। ਇੱਕ ਚੰਗਾ ਵਿਸ਼ਲੇਸ਼ਕ ਨਾ ਸਿਰਫ਼ ਤੁਹਾਨੂੰ ਸਿਖਾ ਸਕਦਾ ਹੈ ਕਿ ਕਿਵੇਂ ਬਾਜ਼ਾਰ ਦਾ ਵਿਸ਼ਲੇਸ਼ਣ ਕਰਨਾ ਹੈ ਬਲਕਿ ਨਵੀਨਤਾਕਾਰੀ ਅਤੇ ਤਰਕਸ਼ੀਲ ਸੋਚ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਿਆਂ ਸ਼ੇਅਰ ਬਾਜ਼ਾਰ ਵਿੱਚ ਆਉਣ ਵਾਲੀਆਂ ਚਾਲਾਂ ਨੂੰ ਵੇਖਣ ਦੀ ਸਮਰੱਥਾ ਨੂੰ ਵੀ ਸਾਹਮਣੇ ਲਿਆਉਣਾ ਹੈ। ਰੁਝਾਨਾਂ ਦੀ ਭਵਿੱਖਬਾਣੀ ਨਾ ਸਿਰਫ਼ ਤੁਹਾਨੂੰ ਆਤਮ ਵਿਸ਼ਵਾਸ ਦਿੰਦੀ ਹੈ ਬਲਕਿ ਤੁਹਾਡੇ ਮਨ ਨੂੰ ਹੋਰ ਚੁਨੌਤੀਆਂ ਨੂੰ ਪਾਰ ਕਰਨ ਲਈ ਤਿਆਰ ਕਰਦੀ ਹੈ ਅਤੇ ਇਸ ਲਈ ਰਣਨੀਤੀਆਂ ਨੂੰ ਪਹਿਲਾਂ ਤੋਂ ਤਿਆਰ ਕਰਦੀ ਹੈ। ਅਸੀਂ ਸਿਖਲਾਈ ਪ੍ਰੋਗਰਾਮਾਂ ਵਿਚ ਨਾ ਸਿਰਫ਼ ਤਕਨੀਕੀ ਪ੍ਰਦਾਨ ਕਰਦੇ ਹਾਂ ਬਲਕਿ ਸਟਾਕ ਮਾਰਕੀਟ ਦੇ ਵਿਸ਼ਲੇਸ਼ਣ ਲਈ ਬੁਨਿਆਦੀ ਪਹੁੰਚ ਵੀ ਪ੍ਰਦਾਨ ਕਰਦੇ ਹਾਂ। ਅਸੀਂ ਤੁਹਾਨੂੰ ਤਰਕਸ਼ੀਲ ਅਤੇ ਤਰਕਸ਼ੀਲ ਤਰੀਕੇ ਨਾਲ ਸੋਚਣ ਵਿੱਚ ਸਹਾਇਤਾ ਕਰਦੇ ਹਾਂ। ਇੱਥੇ ਸ਼ੇਅਰ ਬਾਜ਼ਾਰ ਤਕਨੀਕੀ ਵਿਸ਼ਲੇਸ਼ਣ ਦੀ ਪਹੁੰਚ ਤੱਕ ਨਹੀਂ ਰਹਿੰਦਾ ਪਰ ਖੋਜ ਦਾ ਵਿਸ਼ਾ ਬਣ ਜਾਂਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਇਰੈਕਟਰ ਡਾ। ਦੀਕਸ਼ਿਤਾ (ਪੀਐਚਡੀ) , ਜਨਰਲ ਮੈਨੇਜਰ ਮਨਜਿੰਦਰ ਸਿੰਘ, ਅੰਮ੍ਰਿਤਸਰ ਬ੍ਰਾਂਚ ਦੇ ਮੈਨੇਜਰ ਸ: ਗੁਰਤੇਜ ਸਿੰਘ ਅਤੇ ਚੰਡੀਗੜ੍ਹ ਬ੍ਰਾਂਚ ਦੇ ਮੈਨੇਜਰ ਹੇਮੰਤ ਸ਼ਰਮਾ ਵੀ ਮੌਜੂਦ ਸਨ।




# ਕੇਂਦਰ ਵਲੋਂ ਬੀ.ਐਸ.ਐਫ. ਨੂੰ ਵਧੇਰੇ ਅਧਿਕਾਰ ਸੰਘਵਾਦ ਉਪਰ ਸਿੱਧ ਹਮਲਾ-ਚੰਨੀ

ਚੰਡੀਗੜ੍ਹ-ਕੇਂਦਰੀ ਗ੍ਰਹਿ ਮੰਤਰਾਲੇ ਦੇ ਪੰਜਾਬ ਸਮੇਤ ਤਿੰਨ ਸੂਬਿਆਂ 'ਚ ਬੀਐੱਸਐੱਫ ਦਾ ਅਧਿਕਾਰ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਕੀਤੇ ਜਾਣ ਦੇ ਫ਼ੈਸਲੇ ਖ਼ਿਲਾਫ਼ ਪੰਜਾਬ ਸਰਕਾਰ ਫ਼ੌਰੀ ਡਟ ਗਈ ਹੈ। ਸੂਬਾ ਸਰਕਾਰ ਨੇ ਕੇਂਦਰੀ ਫ਼ੈਸਲੇ ਨੂੰ ਰਾਜਾਂ ਦੇ ਅਧਿਕਾਰਾਂ 'ਤੇ ਕੇਂਦਰੀ ਛਾਪਾ ਕਰਾਰ ਦਿੱਤਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਤਾਜ਼ਾ ਫ਼ੈਸਲੇ ਨੂੰ ਸੰਘਵਾਦ 'ਤੇ ਸਿੱਧਾ ਹਮਲਾ ਦੱਸਿਆ ਹੈ। ਮੁੱਖ ਮੰਤਰੀ ਨੇ ਟਵੀਟ ਕਰਕੇ ਕਿਹਾ ਕਿ ਉਹ ਕੌਮਾਂਤਰੀ ਸਰਹੱਦ 'ਤੇ ਬੀਐੱਸਐੱਫ ਦੇ ਅਧਿਕਾਰ ਖੇਤਰ 'ਚ 50 ਕਿਲੋਮੀਟਰ ਤੱਕ ਦੇ ਕੀਤੇ ਵਾਧੇ ਨੂੰ ਲੈ ਕੇ ਭਾਰਤ ਸਰਕਾਰ ਦੇ ਇਸ ਇੱਕਪਾਸੜ ਫ਼ੈਸਲੇ ਦੀ ਸਖ਼ਤ ਨਿੰਦਾ ਕਰਦੇ ਹਨ ਕਿਉਂਕਿ ਇਹ ਸੰਘਵਾਦ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਇਸ ਤਰਕਹੀਣ ਫ਼ੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ। ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਬੰਗਾਲ ਅਤੇ ਅਸਾਮ ਰਾਜਾਂ ਵਿਚ ਬੀਐੱਸਐੱਫ ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਇਸ ਫੈਸਲੇ ਪਿੱਛੇ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਦਾ ਤਰਕ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 5 ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੀਟਿੰਗ ਵਿਚ ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਸਰਹੱਦਾਂ ਨੂੰ ਸੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਚੰਨੀ ਨੇ ਆਪਣੇ ਟਵੀਟ ਵਿਚ ਭਾਵੇਂ ਅਮਿਤ ਸ਼ਾਹ ਵਾਲੀ ਮੀਟਿੰਗ ਮੌਕੇ ਕੀਤੀ ਮੰਗ ਬਾਰੇ ਕੁਝ ਸਪਸ਼ਟ ਨਹੀਂ ਕੀਤਾ, ਪਰ ਉਨ੍ਹਾਂ ਅੱਜ ਕੇਂਦਰੀ ਗ੍ਰਹਿ ਮੰਤਰਾਲੇ ਦੇ ਫ਼ੈਸਲੇ ਨੂੰ ਮੰਦਭਾਗਾ ਜ਼ਰੂਰ ਦੱਸਿਆ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।


604-594-0616



# ਆਦਿ ਕਵੀ ਮਹਾਂਰਿਸ਼ੀ

# ਭਗਵਾਨ ਵਾਲਮੀਕਿ ਜੀ

ਵਾਲਮੀਕ ਭਾਰਤ ਦੇ ਆਦਿ ਕਵੀ ਮੰਨੇ ਤੇ ਜਾਣੇ ਜਾਂਦੇ ਹਨ। ਕੋਈ ਉਨ੍ਹਾਂ ਨੂੰ ਮਹਾਂਰਿਸ਼ੀ ਕਹਿੰਦਾ ਹੈ, ਕੋਈ ਆਦਿ ਕਵੀ ਤੇ ਕੋਈ-ਕੋਈ ਭਗਵਾਨ ਦਾ ਪ੍ਰਤੀਨਿਧ ਮੰਨ ਕੇ ਪੂਜਦਾ ਹੈ। ਆਦਿ ਕਵੀ ਵਾਲਮੀਕ ਬਾਰੇ ਕਈ ਤਰ੍ਹਾਂ ਦੇ ਮਤ ਪ੍ਰਚਲਿਤ ਹਨ। ਕੁਝ ਵਰਗ ਉਨ੍ਹਾਂ ਨੂੰ ਨੀਵੇਂ ਵਰਗ ਨਾਲ ਸਬੰਧਤ ਮੰਨਦੇ ਹਨ ਤੇ ਕੁਝ ਬ੍ਰਾਹਮਣ ਜਾਤ ਨਾਲ। ਸਮਕਾਲੀ ਚਰਚਾ ਦੇ ਦੌਰ ਵਿਚ ਇਹ ਮੁੱਦਾ ਹੋਰ ਜ਼ੋਰ ਫੜ ਗਿਆ ਹੈ। ਇਸੇ ਕਾਰਨ ਭਾਰਤ ਦੀ ਇਕ ਪ੍ਰਾਚੀਨ ਕਥਿਤ ਅਛੂਤ ਜਾਤ ਨੇ ਤਾਂ ਆਪਣੀ ਜਾਤੀ ਪਛਾਣ ਨੂੰ ਹੀ ਵਾਲਮੀਕ ਵਜੋਂ ਮੰਨ ਲਿਆ ਹੈ। ਉਨ੍ਹਾਂ ਸ਼ਾਇਦ ਉਮੀਦ ਕੀਤੀ ਹੋਵੇਗੀ ਕਿ ਸਫ਼ਾਈ ਕਰਨ ਵਾਲੇ ਇਸ ਭਾਈਚਾਰੇ ਨੂੰ ਵਾਲਮੀਕੀ ਜਾਤ ਕਰਾਰ ਦਿੱਤੇ ਜਾਣ ਨਾਲ ਸ਼ਾਇਦ ਉਹ ਆਪਣੀ ਪਛਾਣ ਤੋਂ ਮੁਕਤ ਹੋ ਜਾਣਗੇ, ਪਰ ਅਜਿਹਾ ਨਹੀਂ ਹੋ ਸਕਿਆ। ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਆਦਿ ਕਵੀ ਵਾਲਮੀਕ ਇਕ ਵੱਡੇ ਤੇ ਬਿਹਤਰੀਨ ਰਚਨਾਕਾਰ ਸਨ। ਆਦਿ ਕਵੀ ਵਾਲਮੀਕ ਨੇ ਸੰਸਕ੍ਰਿਤ ਵਿਚ ਰਮਾਇਣ ਮਹਾਂਕਾਵਿ ਲਿਖਿਆ, ਜੋ ਹਿੰਦੂ ਧਰਮ ਦੀ ਇਕ ਅਧਿਆਤਮਕ-ਸੱਭਿਆਚਾਰਕ ਕਿਤਾਬ ਹੈ ਅਤੇ ਹਿੰਦੂਆਂ ਦੇ ਜੀਵਨ ਦੀ ਕੇਂਦਰੀ ਧੁਰੀ। ਵਾਲਮੀਕ ਲਿਖਤ ਰਮਾਇਣ ਵਿਚ ਕਰੀਬ 24 ਹਜ਼ਾਰ ਸ਼ਲੋਕ ਹਨ। ਇਸ ਦਾ ਕਾਲ ਪਹਿਲੀ ਸਦੀ ਈਸਵੀ ਤੋਂ ਪੰਜਵੀਂ ਸਦੀ ਦਰਮਿਆਨ ਮੰਨਿਆ ਜਾਂਦਾ ਹੈ। ਇਹ ਰਚਨਾ ਨਾਇਕ ਰਾਮ ਦੀ ਨਾਇਕਤਾ ਤੇ ਜੀਵਨ ਚਰਿੱਤਰ ਨੂੰ ਅਦਭੁਤ ਅਧਿਆਤਮਕ ਢੰਗ ਨਾਲ ਪੇਸ਼ ਕਰਦੀ ਹੈ। ਇਹ ਪੁਰਾਣਕ ਚਰਿੱਤਰ ਸਮੁੱਚੇ ਭਾਰਤ ਵਿਚ ਭਗਵਾਨ ਦਾ ਵਿਸ਼ਾਲ ਰੂਪ ਪੇਸ਼ ਕਰਦਾ ਹੈ। ਇਸ ਤਰ੍ਹਾਂ ਵਾਲਮੀਕ ਪ੍ਰਾਚੀਨ ਭਾਰਤ ਦੇ ਅਦਭੁਤ ਅਧਿਆਤਮਕ ਕਿੱਸਾਕਾਰ (ਕਿੱਸਾਗੋ) ਹਨ, ਅਜਿਹਾ ਕਿੱਸਾਕਾਰ ਜੋ ਗਲਪ ਨੂੰ ਇਤਿਹਾਸ ਦਾ ਗੋਤਾ ਲਾ ਕੇ ਧਰਮ ਦਾ ਸਿਰਮੌਰ ਬਣਾ ਦਿੰਦਾ ਹੈ। ਹਜ਼ਾਰਾਂ ਗ੍ਰੰਥ ਵਾਲਮੀਕ ਰਮਾਇਣ ਨੂੰ ਆਧਾਰ ਬਣਾ ਕੇ ਲਿਖੇ ਗਏ, ਪਰ ਵਾਲਮੀਕ ਰਮਾਇਣ ਵਰਗੀ ਮਕਬੂਲੀਅਤ ਕਿਸੇ ਹੋਰ ਗ੍ਰੰਥ ਨੂੰ ਨਹੀਂ ਮਿਲੀ। ਹਿੰਦੋਸਤਾਨ ਵਿਚ ਬੋਲੀਆਂ ਜਾਂਦੀਆਂ ਸਾਰੀਆਂ ਭਾਸ਼ਾਵਾਂ ਵਿਚ ਵਾਲਮੀਕ ਰਮਾਇਣ ਦਾ ਅਨੁਵਾਦ ਮੌਜੂਦ ਹੈ। ਇਸ ਤਰ੍ਹਾਂ ਵਾਲਮੀਕ ਭਾਰਤੀ ਜਨਤਾ ਦੀਆਂ ਆਤਮਾਵਾਂ ਵਿਚ ਅਮਰ ਹੋ ਗਏ ਹਨ। ਪਰ ਵਾਲਮੀਕ ਤੇ ਉਨ੍ਹਾਂ ਦੀ ਰਮਾਇਣ ਦੀ ਕਥਾ ਨੂੰ ਲੈ ਕੇ ਕਾਫ਼ੀ ਮਤਭੇਦ-ਵਿਵਾਦ ਅਤੇ ਅਸਹਿਮਤੀਆਂ ਵੀ ਮੌਜੂਦ ਹਨ, ਜੋ ਸਮੇਂ-ਸਮੇਂ 'ਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਨੇਕਾਂ ਸੱਚੀਆਂ-ਝੂਠੀਆਂ ਕਿੱਸੇ-ਕਹਾਣੀਆਂ ਵੀ ਸਾਡੇ ਦਿਮਾਗ਼ਾਂ ਵਿਚ ਵੱਸੀਆਂ ਹੋਈਆਂ ਹਨ। ਇਹ ਉਨ੍ਹਾਂ ਦੀ ਲੇਖਣੀ ਬਾਰੇ, ਉਨ੍ਹਾਂ ਦੀ ਜਾਤ ਬਾਰੇ, ਉਨ੍ਹਾਂ ਦੇ ਕਾਲ-ਸਮੇਂ ਅਤੇ ਉਨ੍ਹਾਂ ਦੇ ਭਗਵਾਨ-ਮਹਾਂਕਵੀ ਬਣਨ ਆਦਿ ਬਾਰੇ ਹਨ। ਰਮਾਇਣ ਮਹਾਂਕਾਵਿ ਦੇ ਆਦਰਸ਼, ਚਰਿੱਤਰਵਾਨ ਪ੍ਰੰਪਰਿਕ ਸਮਝ ਵਾਲੇ ਚਮਤਕਾਰੀ ਨਾਇਕ ਦਾ ਸਾਰੇ ਭਾਰਤ ਹੀ ਨਹੀਂ, ਬਲਕਿ ਦੱਖਣੀ ਏਸ਼ੀਆ ਵਿਚ ਰੱਬੀ ਰੂਪ 'ਚ ਸਥਾਪਤ ਹੋ ਜਾਣਾ ਬਹੁਤ ਵੱਡੀ ਗੱਲ ਹੈ। ਸੁੱਤਿਆਂ-ਜਾਗਦਿਆਂ, ਖਾਂਦਿਆਂ-ਪੀਂਦਿਆਂ ਹਰ ਸਮੇਂ ਰਾਮ ਦਾ ਨਾਮ ਹੀ ਜ਼ੁਬਾਨ ਉਤੇ ਰਹਿੰਦਾ



ਹੈ। ਹਾਲਾਂਕਿ ਇਸ ਵਿਚ ਬ੍ਰਾਹਮਣ ਵਰਗ ਦਾ ਵੀ ਭਾਰੀ ਯੋਗਦਾਨ ਹੈ। ਉਨ੍ਹਾਂ ਵਾਲਮੀਕ ਰਚਿਤ ਨਾਇਕ ਰਾਮ ਨੂੰ ਆਪਣੇ ਧਾਰਮਿਕ ਰੁਜ਼ਗਾਰ ਨਾਲ ਜੋੜ ਲਿਆ ਸੀ। ਰਾਮ ਦੇ ਨਾਂ ਉਤੇ ਮੰਦਰ ਬਣਾਏ ਅਤੇ ਥਾਂ-ਥਾਂ ਵਾਲਮੀਕ ਰਮਾਇਣ ਨੂੰ ਧਾਰਮਿਕ ਮੁਕਤੀ-ਕਥਾ ਦੇ ਰੂਪ ਵਿਚ ਸੁਣਾਉਣਾ ਸ਼ੁਰੂ ਕਰ ਦਿੱਤਾ। ਇਸ ਗੱਲ ਨੂੰ ਇੰਜ ਵੀ ਆਖਿਆ ਜਾ ਸਕਦਾ ਹੈ ਕਿ ਵਾਲਮੀਕ ਨੇ ਭਗਵਾਨ ਰਾਮ ਨੂੰ ਪ੍ਰਸਿੱਧ ਕੀਤਾ ਅਤੇ ਰਾਮ ਨੇ ਵਾਲਮੀਕ ਨੂੰ ਅਮਰ ਬਣਾ ਦਿੱਤਾ। ਸਭ ਤੋਂ ਵੱਡਾ ਵਿਵਾਦ ਵਾਲਮੀਕ ਦੀ ਜਾਤੀ ਨੂੰ ਲੈ ਕੇ ਹੈ। ਇਹ ਵਿਵਾਦ ਇੰਨਾ ਗਹਿਰਾ ਗਿਆ ਕਿ ਆਦਿ ਕਵੀ ਵਾਲਮੀਕ ਨੂੰ ਬ੍ਰਾਹਮਣ ਕਰਾਰ ਦੇਣ ਵਾਲੀ ਕਿਤਾਬ 'ਵਾਲਮੀਕ ਕੌਣ ਹੈ' ਉਤੇ ਕਰਨਾਟਕ ਸਰਕਾਰ ਨੂੰ ਪਾਬੰਦੀ ਲਾਉਣੀ ਪੈ ਗਈ। ਕਰਨਾਟਕ ਹਾਈ ਕੋਰਟ ਦੇ ਹੁਕਮਾਂ 'ਤੇ ਇਸ ਬਾਰੇ ਕਮੇਟੀ ਕਾਇਮ ਕੀਤੀ ਗਈ ਹੈ। ਵਾਲਮੀਕ ਜਾਂ ਬੇੜਾ ਭਾਈਚਾਰੇ ਦੇ ਲੋਕਾਂ ਵੱਲੋਂ ਧਾਰਵਾੜ ਦੇ ਪ੍ਰੋਫ਼ੈਸਰ ਨਰਾਇਣਾਚਾਰੀਆ ਵੱਲੋਂ ਲਿਖੀ ਇਸ ਕਿਤਾਬ ਦੇ ਖ਼ਿਲਾਫ਼ ਅੰਦੋਲਨ ਕੀਤਾ ਗਿਆ। ਕੰਨੜ ਭਾਸ਼ਾ ਦੇ ਪ੍ਰਸਿੱਧ ਦਲਿਤ ਲੇਖਕ ਇੰਦੂਧਾਰਾ ਹੋਨਾਪੁਰਾ ਆਦਿ ਕਵੀ ਵਾਲਮੀਕ ਨੂੰ ਦੂਜੇ ਹੀ ਨਜ਼ਰੀਏ ਨਾਲ ਦੇਖਦੇ ਹਨ। ਇਕ ਹੋਰ ਕੰਨੜ ਚਿੰਤਕ ਬਾਸਵਾਨਾ ਮੁਤਾਬਕ ਸਾਰੇ ਮਹਾਂਪੁਰਖਾਂ ਦੇ ਬ੍ਰਾਹਮਣ ਪਰਿਵਾਰਾਂ ਵਿਚ ਜਨਮੇ ਹੋਣ ਦਾ ਦਾਅਵਾ ਕਰਨਾ 'ਫ਼ਿਰਕੂ ਸਮੂਹਾਂ ਦਾ ਲੁਕਵਾਂ ਏਜੰਡਾ' ਹੈ। ਇਕ ਕਥਾ ਅਨੁਸਾਰ ਆਦਿ ਕਵਿ ਵਾਲਮੀਕ, ਮਹਾਰਿਸ਼ੀ ਕਸ਼ਿਅਪ ਅਤੇ ਅਦਿਤੀ ਦੇ ਤਿੱਥ ਪੁੱਤ ਵਰੁਣ (ਆਦਿਤਿਆ) ਤੋਂ ਇਨ੍ਹਾਂ ਦਾ ਜਨਮ ਹੋਇਆ। ਇਨ੍ਹਾਂ ਦੀ ਮਾਤਾ ਚਰਸ਼ਣੀ ਅਤੇ ਭਰਾ ਭ੍ਰਿਗੂ ਸਨ। ਵਰੁਣ ਦਾ ਇਕ ਨਾਮ ਪ੍ਰਚੇਤ ਵੀ ਹੈ, ਇਸ ਲਈ ਇਨ੍ਹਾਂ ਨੂੰ ਪ੍ਰਾਚੇਤਮ ਨਾਮ ਨਾਲ ਜਾਣਿਆ ਜਾਂਦਾ ਹੈ। ਵਾਲਮੀਕ ਦੇ ਵਾਲਮੀਕ ਨਾਮ ਹੋਣ ਨੂੰ ਲੈ ਕੇ ਵੀ ਦਿਲਚਸਪ ਕਿੱਸੇ ਹਨ? ਉਨ੍ਹਾਂ ਵਿਚੋਂ ਇਕ ਇਹ ਹੈ ਕਿ ਵਾਲਮੀਕ ਲੰਬੇ ਸਮੇਂ ਤੱਕ ਸਾਧਨਾ ਵਿਚ ਲੀਨ ਹੋ ਕੇ ਧਿਆਨਮਗਨ ਹੋਏ? ਉਸੇ ਸਮੇਂ ਉਨ੍ਹਾਂ ਦੇ ਸਰੀਰ ਨੂੰ ਸਿਉਂਕ ਨੇ ਆਪਣਾ ਘਰ ਬਣਾ ਕੇ ਢਕ ਦਿੱਤਾ। ਸਾਧਨਾ ਪੂਰੀ ਕਰਕੇ ਜਦੋਂ ਉਹ ਉੱਠੇ ਤਾਂ ਵਾਲਮੀਕ ਕਹੇ ਗਏ, ਕਿਉਂਕਿ ਸਿਉਂਕ ਦੇ ਘਰ ਨੂੰ ਵਾਲਮੀਕ ਕਿਹਾ ਜਾਂਦਾ ਹੈ? ਇਕ ਹੋਰ ਮਤ ਅਨੁਸਾਰ ਵਾਲਮੀਕ ਦਾ ਜਨਮ ਨਾਗਾ ਪ੍ਰਜਾਤੀ ਵਿਚ ਹੋਇਆ। ਰਾਮਾਇਣ ਲਿਖਣ ਤੋਂ ਪਹਿਲਾਂ ਵਾਲਮੀਕ ਦਾ ਰਤਨਾਕਰ ਨਾਮ ਸੀ। ਪਰਿਵਾਰ ਦੇ ਪਾਲਣ-ਪੋਸ਼ਣ ਲਈ ਉਹ ਲੁੱਟ-ਮਾਰ ਕਰਦੇ ਸਨ। ਜੰਗਲ ਵਿਚ ਉਨ੍ਹਾਂ ਨੂੰ ਨਾਰਦ ਮੁਨੀ ਮਿਲੇ। ਜਦੋਂ ਰਤਨਾਕਰ ਉਨ੍ਹਾਂ ਨੂੰ ਲੁੱਟਣ ਲੱਗਾ ਤਾਂ ਨਾਰਦ ਨੇ ਰਤਨਾਕਰ ਤੋਂ ਪੁੱਛਿਆ ਕਿ ਇਹ ਕਾਰਜ ਕਿਸ ਲਈ ਕਰਦੇ ਹੋ? ਰਤਨਾਕਰ ਨੇ ਜਵਾਬ ਦਿੱਤਾ ਪਰਿਵਾਰ ਨੂੰ ਪਾਲਣ ਲਈ। ਨਾਰਦ ਨੇ ਪੁੱਛਿਆ ਇਸ ਕਾਰਜ ਤੋਂ ਜੋ ਪਾਪ ਲੱਗੇਗਾ, ਕੀ ਉਸ ਵਿਚ ਪਰਿਵਾਰ ਵਾਲੇ ਵੀ ਸਹਿਭਾਗੀ ਹੋਣਗੇ। ਰਤਨਾਕਰ ਨੇ ਜਦੋਂ ਪਰਿਵਾਰ ਨੂੰ ਇਹ ਗੱਲ ਪੁੱਛੀ ਤਾਂ ਉਨ੍ਹਾਂ ਨੇ ਪਾਪ ਦੇ ਕਾਰਜ ਵਿਚ ਸਹਿਭਾਗੀ ਹੋਣ ਤੋਂ ਇਨਕਾਰ ਕਰ ਦਿੱਤਾ? ਇਹ ਸੁਣ ਕੇ ਰਤਨਾਕਰ ਨੇ ਲੁੱਟਮਾਰ ਤਿਆਗ ਦਿੱਤੀ। ਫਿਰ ਨਾਰਦਮੁਨੀ ਨੇ ਉਨ੍ਹਾਂ ਨੂੰ ਰਾਮ-ਰਾਮ ਜਪਣ ਦਾ ਨਿਰਦੇਸ਼ ਦਿੱਤਾ। ਏਥੋਂ ਉਨ੍ਹਾਂ ਨੂੰ ਰਾਮ ਨਾਮ ਦਾ ਗਿਆਨ ਮਿਲਿਆ? ਹਾਲਾਂਕਿ ਵਾਲਮੀਕ ਨੇ ਰਾਮਾਇਣ ਵਿਚ ਇਸ ਦੇ ਠੀਕ ਉਲਟ ਲਿਖਿਆ ਹੈ: "ਹੇ ਰਾਮ, ਮੈਂ ਪ੍ਰਚੇਤਾ ਮੁਨੀ ਦਾ ਦਸਵਾਂ ਪੁੱਤ ਹਾਂ ਅਤੇ ਮੈਂ ਆਪਣੇ ਜੀਵਨ ਵਿਚ ਕਦੇ ਵੀ ਪਾਪ ਨਹੀਂ ਕੀਤਾ।" ਇਸ ਸ਼ਲੋਕ ਤੋਂ ਵਾਲਮੀਕ ਦੇ ਡਾਕੂ ਹੋਣ ਕੀਤੀ ਗੱਲ ਝੂਠ ਸਿੱਧ ਹੋ ਜਾਂਦੀ ਹੈ? ਇਕ ਹੋਰ ਮਤ ਅਨੁਸਾਰ ਵਰੁਣ ਬ੍ਰਹਮਾ ਜੀ ਦੇ ਪੁੱਤ ਸਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਾਲਮੀਕ ਵਰੁਣ ਅਰਥਾਤ ਪ੍ਰਚੇਤਾ ਦੇ 10ਵੇਂ ਪੁੱਤ ਸਨ ਅਤੇ ਉਨ੍ਹਾਂ ਦਿਨਾਂ ਦੇ ਪ੍ਰਚਲਨ ਦੇ ਅਨੁਸਾਰ ਉਨ੍ਹਾਂ ਦੇ ਵੀ ਦੋ ਨਾਮ ਅਗਨਿਸ਼ਰਮਾ ਅਤੇ ਰਤਨਾਕਰ ਸਨ। ਇਸ ਤਰ੍ਹਾਂ ਵਾਲਮੀਕ ਨੂੰ ਬ੍ਰਹਮਾ ਦੇ ਪੁੱਤ ਦਾ ਪੁੱਤ ਵੀ ਕਹਿੰਦੇ ਹਨ? ਰਤਨਾਕਰ ਦੇ ਵਾਲਮੀਕ ਬਣਨ ਅਤੇ ਫਿਰ ਇਕ ਲੇਖਕ ਬਣਨ ਨੂੰ ਲੈ ਕੇ ਵੀ ਬਹੁਤ ਸਾਰੇ ਕਿੱਸੇ ਮੌਜੂਦ ਹਨ ਜੋ ਅੱਜ ਸੱਚ ਦਾ ਸਰੂਪ ਲੈ ਕੇ ਸਥਾਪਿਤ ਹੋ ਚੁੱਕੇ ਹਨ? ਕਹਿੰਦੇ ਹਨ ਵਾਲਮੀਕ ਦੇ ਜੀਵਨ ਵਿਚ ਇਕ ਪਰਿਵਰਤਨਕਾਰੀ ਘਟਨਾ ਘਟੀ ਜਿਸ ਨੇ ਉਨ੍ਹਾਂ ਦੇ ਅੰਤਰਮਨ ਨੂੰ ਝੰਜੋੜ ਦਿੱਤਾ। ਇਕ ਸਵੇਰੇ ਇਸ਼ਨਾਨ ਲਈ ਵਾਲਮੀਕ ਤਮਸਾ ਨਦੀ ਜਾ ਰਹੇ ਸਨ? ਨਾਲ ਉਨ੍ਹਾਂ ਦੇ ਪ੍ਰਮੁੱਖ ਚੇਲਾ ਭਰਦਵਾਜ ਵੀ ਸੀ। ਉਨ੍ਹਾਂ ਨਦੀ ਦੇ ਕੰਢੇ ਪ੍ਰੇਮ ਕਰ ਰਹੇ ਕਰੌਂਚ (ਸਾਰਸ) ਪੰਛੀਆਂ ਦਾ ਜੋੜਾ ਵੇਖਿਆ। ਸ਼ਿਕਾਰੀ ਆਇਆ ਅਤੇ ਪਿਆਰ ਕਰ ਰਹੇ ਜੋੜੇ ਵਿਚੋਂ ਨਰ ਨੂੰ ਤੀਰ ਤੋਂ ਮਾਰ ਦਿੱਤਾ। ਇਸ ਤੋਂ ਮਾਦਾ ਪੰਛੀ ਇਕੱਲੀ ਰਹਿ ਗਈ? ਉਸ ਨੇ ਭੂਮੀ ਉੱਤੇ ਪਏ ਆਪਣੇ ਨਰ ਦੇ ਚੁਫੇਰੇ ਘੁੰਮ-ਘੁੰਮ ਕਰ ਵਿਰਲਾਪ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਇਸ ਦ੍ਰਿਸ਼ ਨੂੰ ਵੇਖ ਕੇ ਵਾਲਮੀਕ ਨੇ ਸ਼ਲੋਕ ਉਚਾਰਿਆ, "ਓਏ, ਸ਼ਿਕਾਰੀ, ਤੂੰ ਪ੍ਰੇਮ ਕਰ ਰਹੇ ਜੋੜੇ ਵਿੱਚੋਂ ਇੱਕ ਨੂੰ ਮਾਰ ਪਾਇਆ, ਜਾ ਤੈਨੂੰ ਕਦੇ ਚੈਨ ਨਹੀਂ ਮਿਲੇਗਾ।" ਅਜਿਹੀ ਮਾਨਤਾ ਹੈ ਕਿ ਇਸ ਸ਼ਲੋਕ ਦੇ ਅੰਦਰ ਤੋਂ ਰਾਮਾਇਣ ਮਹਾਂਕਾਵਿ ਕੀਤੀ ਰਚਨਾ ਨਿਕਲੀ। ਇਸ ਸ਼ਲੋਕ ਦੇ ਕਾਰਨ ਵਾਲਮੀਕ ਨੂੰ ਸੰਸਕ੍ਰਿਤ ਪਰੰਪਰਾ ਦਾ ਆਦਿ ਕਵੀ ਕਿਹਾ ਜਾਂਦਾ ਹੈ?

—ਸੂਰਜ ਬਜ਼ਤਿਆ



# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਸਰੀ, (ਹਰਦਮ ਮਾਨ)- ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮੀਟਿੰਗ ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂ ਸਮਰਪਿਤ ਰਹੀ। ਇਸ ਮੀਟਿੰਗ ਵਿਚ 'ਅੰਦੋਲਨ ਅਤੇ ਕਵਿਤਾ ਦੇ ਵਿਸ਼ੇ ਤੇ ਵਿਚਾਰ ਪੇਸ਼ ਕਰਨ ਲਈ ਪ੍ਰਸਿੱਧ ਲੇਖਕ, ਨਾਟਕਕਾਰ ਅਜਮੇਰ ਰੋਡੇ ਮੁੱਖ ਬੁਲਾਰੇ ਦੇ ਤੌਰ ਤੇ ਸ਼ਾਮਿਲ ਹੋਏ। ਆਰੰਭ ਵਿੱਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਅਜਮੇਰ ਰੋਡੇ ਅਤੇ ਨਵੇਂ ਜੁੜੇ ਮਹਿਮਾਨਾਂ ਦਾ ਸਵਾਗਤ ਕੀਤਾ। ਨਾਵਲਕਾਰ ਅਮਰਜੀਤ ਚਾਹਲ ਨੇ ਅਜਮੇਰ ਰੋਡੇ ਦੀ ਜੀਵਨੀ ਅਤੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ। ਉਪਰੰਤ ਮੁੱਖ ਬੁਲਾਰੇ ਅਜਮੇਰ ਰੋਡੇ ਨੇ ਕਿਸਾਨ ਅੰਦੋਲਨ ਬਾਰੇ ਵਿਸਥਾਰ ਸਹਿਤ ਗੱਲਬਾਤ ਕਰਦਿਆਂ ਇਸ ਅੰਦੋਲਨ ਦੌਰਾਨ ਸਾਹਿਤਕਾਰਾਂ ਦੀ ਦੇਣ ਅਤੇ ਕਵਿਤਾ ਬਾਰੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਕਵੀ ਦਰਬਾਰ ਵਿੱਚ ਸਭਨਾਂ ਲੇਖਕਾਂ ਨੇ ਕਿਸਾਨ ਅੰਦੋਲਨ ਤੇ ਰਚਨਾਵਾਂ ਸਾਂਝੀਆਂ ਕੀਤੀਆਂ। ਸੁਰਜੀਤ ਸਿੰਘ ਮਾਧੋਪੁਰੀ ਨੇ ਤਰੰਨਮ ਵਿੱਚ ਗੀਤ ਪੇਸ਼ ਕੀਤਾ, ਰੁਪਿੰਦਰ ਖਹਿਰਾ ਰੂਪੀ ਨੇ ਗ਼ਜ਼ਲ ਪੇਸ਼ ਕੀਤੀ। ਦਰਸ਼ਨ ਸੰਘਾ, ਇੰਦਰਪਾਲ ਸਿੰਘ ਸੰਧੂ, ਹਰਸ਼ਰਨ ਕੌਰ, ਸ਼ਮਾਂ ਵਾਟਸ, ਇੰਦਰਜੀਤ ਸਿੰਘ ਧਾਮੀ, ਸੁਰਜੀਤ ਕਲਸੀ, ਹਰਚੰਦ ਸਿੰਘ ਗਿੱਲ, ਕੁਲਦੀਪ ਗਿੱਲ, ਪੰਜਾਬੀ ਲੇਖਕ ਸਭਾ ਸਿਆਟਲ ਦੇ ਬਲਿਹਾਰ ਸਿੰਘ ਲੇਲ੍ਹ, ਬਲਬੀਰ ਸਿੰਘ ਸੰਘਾ, ਨਰਿੰਦਰ ਬਾਹੀਆ, ਅਮਰੀਕ ਪਲਾਹੀ, ਸ਼ਾਹਗੀਰ ਸਿੰਘ ਗਿੱਲ, ਪਲਵਿੰਦਰ ਸਿੰਘ ਰੰਧਾਵਾ ਅਤੇ ਪ੍ਰਿਤਪਾਲ ਗਿੱਲ ਨੇ ਆਪਣੀਆਂ ਕਾਵਿ ਰਚਨਾਵਾਂ ਸਾਂਝੀਆਂ ਕੀਤੀਆਂ। ਮੀਟਿੰਗ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕੀਤਾ।




# ਸ਼੍ਰੋਮਣੀ ਕਮੇਟੀ ਵੱਲੋਂ ਜਲੰਧਰ ਵਿਚ ਹਸਪਤਾਲ ਖੋਹਲਣ ਦਾ ਐਲਾਨ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਲੰਧਰ ਵਿਚ ਹਰ ਪੱਧਰ ਦੀਆਂ ਸੇਵਾਵਾਂ ਵਾਲਾ (ਸੁਪਰ ਸਪੈਸ਼ਲਿਟੀ) ਹਸਪਤਾਲ ਖੋਲ੍ਹਣ ਦਾ ਐਲਾਨ ਕੀਤਾ ਹੈ। 22 ਅਕਤੂਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸਮਾਗਮਾਂ ਦੀ ਰੂਪ-ਰੇਖਾ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰ ਕੇ ਜਲੰਧਰ ਵਿਚ ਬਿਹਤਰ ਸਿਹਤ ਸਹੂਲਤਾਂ ਵਾਲਾ ਹਸਪਤਾਲ ਖੋਲ੍ਹਿਆ ਜਾਵੇਗਾ। ਇਸ ਲਈ ਗੁਰੂ ਘਰ ਦੇ ਸ਼ਰਧਾਲੂ ਜੋਗਿੰਦਰ ਸਿੰਘ ਵੱਲੋਂ ਦਾਨ ਕੀਤੀ ਗਈ 26 ਕਨਾਲ ਜ਼ਮੀਨ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਨਜ਼ਦੀਕ ਸਸਤੀਆਂ ਦਵਾਈਆਂ ਵਾਲਾ ਦਵਾਖ਼ਾਨਾ ਵੀ ਜਲਦੀ ਹੀ ਸੰਗਤ ਅਰਪਣ ਕੀਤਾ ਜਾਵੇਗਾ। ਇਸ ਦੌਰਾਨ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਬਾਰੇ ਉਨ੍ਹਾਂ ਨੇ ਦੱਸਿਆ ਕਿ 21 ਨੂੰ ਨਗਰ ਕੀਰਤਨ ਸਜਾਇਆ ਜਾਵੇਗਾ। 21 ਦੀ ਰਾਤ ਸਮੇਂ ਰਾਗ ਦਰਬਾਰ ਅਤੇ ਸ਼ਬਦ ਗਾਇਨ ਕੀਰਤਨ ਸਮਾਗਮ ਹੋਵੇਗਾ। 22 ਅਕਤੂਬਰ ਨੂੰ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ। ਇਸ ਦਿਨ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਵਿਖੇ ਜਲੌ ਸਜਣਗੇ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਮਾਗਮ ਹੋਵੇਗਾ।

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT

Ph: 604-593-6622
Fax: 604-593-6615

Unit 204 - 7928 128 St.
(York Business Centre) Surrey

www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਸਮਰਪਿਤ ਰਹੀ ਅਰਪਨ ਲਿਖਾਰੀ ਸਭਾ ਦੀ ਮੀਟਿੰਗ

ਸਰੀ (ਹਰਦਮ ਮਾਨ)-ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਸਮਰਪਿਤ ਕੀਤੀ ਗਈ। ਇੱਕ ਮਿੰਟ ਦਾ ਮੋਨ ਧਾਰ ਕੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਦੁਖੀ ਪਰਿਵਾਰਾਂ ਨਾਲ ਦੁੱਖ ਹਮਦਰਦੀ ਪ੍ਰਗਟ ਕੀਤੀ ਗਈ ਅਤੇ ਭਾਰਤ ਸਰਕਾਰ ਦੀ ਫਿਰਕੂ ਫ਼ਸਾਦ ਕਰਾਉਣ ਦੀ ਨੀਤੀ ਅਤੇ ਪੱਖਪਾਤੀ ਵਤੀਰੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਜਗਦੇਵ ਸਿੰਘ ਸਿੱਧੂ ਨੇ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ, ਸਰਕਾਰ ਦੀ ਨਮੋਸ਼ੀ ਅਤੇ ਹੋਛੇ ਵਤੀਰੇ ਬਾਰੇ ਗੱਲ ਕਰਦਿਆਂ ਉਨ੍ਹਾਂ ਮਾਤਾਵਾਂ ਭੈਣਾਂ ਤੇ ਵੀਰਾਂ ਬਜ਼ੁਰਗਾਂ ਦੇ ਸਬਰ ਸੰਤੋਖ ਅਤੇ ਦ੍ਰਿੜ ਇਰਾਦਿਆਂ ਦੀ ਸ਼ਲਾਘਾ ਕੀਤੀ। ਡਾ। ਮਹਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਲੋਕਤੰਤਰ ਸਿਰਫ਼ ਕਾਗਜ਼ਾਂ ਵਿੱਚ ਹੀ ਹੈ। ਅੱਜ ਜੋ ਘਾਣ ਲੋਕਤੰਤਰ ਦਾ ਹੋ ਰਿਹਾ ਹੈ ਇਸ ਨੂੰ ਤਾਂ ਤਨਾਸ਼ਾਹੀ ਕਿਹਾ ਜਾਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਨੇ ਹਰ ਇਨਸਾਨ ਨੂੰ ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਆਪਣੇ ਰੋਲ ਦੇ ਨਕਸ਼ੇ ਕਦਮਾਂ ਤੇ ਚੱਲਣ ਗੱਲ ਵੀ ਕੀਤੀ। ਜਰਨੈਲ ਸਿੰਘ ਨੇ ਭਾਰਤ ਸਰਕਾਰ ਦੀਆਂ ਤਨਾਸ਼ਾਹੀ ਅਤੇ ਸ਼ਰਮਨਾਕ ਹਰਕਤਾਂ ਦੀ ਨਿੰਦਿਆ ਕੀਤੀ ਅਤੇ ਇੱਕ ਗ਼ਜ਼ਲ ਪੇਸ਼ ਕੀਤੀ। ਡਾ। ਮਨਮੋਹਣ ਸਿੰਘ ਬਾਠ ਨੇ ਯਮਲੇ ਜੱਟ ਦਾ ਗੀਤ,'ਕਹਿੰਦੇ ਨੇ ਸਿਆਣੇ ਗੱਲਾਂ ਸੱਚੀਆਂ ਨੇ ਜ਼ੁਬਾਨੀ ਤਰੰਨਮ ਵਿੱਚ ਪੇਸ਼ ਕੀਤਾ। ਅਜਾਇਬ ਸਿੰਘ ਸੇਖੋਂ ਨੇ ਕਿਸਾਨੀ ਘੋਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਿਆਹੁਤਾ ਜੋੜਿਆਂ ਦੀ ਪਰਿਵਾਰਕ ਜ਼ਿੰਦਗੀ ਨੂੰ ਖੁਸ਼ਹਾਲ ਬਣਾਈ ਰੱਖਣ ਦੇ ਕੀਮਤੀ ਨੁਸਖੇ ਦੱਸਦਿਆਂ 'ਬੁਢਾਪੇ ਦਾ ਸੰਤਾਪ ਲੇਖ ਸਾਂਝਾ ਕੀਤਾ। ਜਗਜੀਤ ਸਿੰਘ ਰਹਿਸੀ ਨੇ ਯਥਾਰਥ ਪੇਸ਼ ਕਰਦੇ ਉਰਦੂ ਦੇ ਚੋਣਵੇਂ ਸ਼ੇਅਰਾਂ ਦੀ ਆਪਣੇ ਨਿਵੇਕਲੇ ਢੰਗ ਨਾਲ ਪੇਸ਼ਕਾਰੀ ਕੀਤੀ। ਸਰੂਪ ਸਿੰਘ ਮੰਡੇਰ ਨੇ ਮੋਦੀ ਸਰਕਾਰ ਨੂੰ ਲਾਅਨਤਾਂ ਪਾਉਂਦੀ ਕਿਸਾਨ ਮੋਰਚੇ ਦੀ ਕਵਿਤਾ ਕਵੀਸ਼ਰੀ ਰੰਗ ਵਿਚ ਸੁਣਾਈ। ਤੇਜਾ ਸਿੰਘ ਥਿਆੜਾ ਨੇ ਆਪਣੇ ਵਿਚਾਰ ਰੱਖਦਿਆਂ ਡਾ। ਮਹੰਮਦ ਇਕਬਾਲ ਦੇ 'ਉੱਠੋ ਮੇਰੀ ਦੁਨੀਆਂ ਕੇ ਗ਼ਰੀਬੋਂ ਕੋ ਜਗਾ ਦੋ, ਖਾਕੇ ਉਮਰਾ ਕੇ ਦਰੋ ਦੀਵਾਰ ਹਿਲਾ ਦੋ ਵਰਗੇ ਮਕਬੂਲ ਸ਼ੇਅਰਾਂ ਨਾਲ ਹਾਜ਼ਰੀ ਭਰੀ। ਜਸਵੀਰ ਸਿਹੋਤਾ ਨੇ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿੱਖਾਂ (ਭਾਈ ਲਾਲੋ,ਬੀਬੀ , ਜੀ ਰਾਏ ਬੁਲਾਰ) ਬਾਰੇ ਜਾਣਕਾਰੀ ਦਿੰਦਿਆਂ ਕਿ ਕਿਵੇਂ ਭਾਈ ਲਾਲੋ ਵਰਗੇ ਕਿਰਤੀ ਗੁਰਬਾਣੀ ਦਾ ਪ੍ਰਚਾਰ ਕਰਦੇ ਸਨ। ਜਸਵੀਰ ਸਿਹੋਤਾ ਨੇ ਸੁਨੀਲ ਕੁਮਾਰ ਨੀਲ ਦੀ ਲਿਖੀ ਪੰਜਾਬੀ ਬੋਲੀ ਬਾਰੇ ਇੱਕ ਕਵਿਤਾ ਵੀ ਸਾਂਝੀ ਕੀਤੀ। ਇਕਬਾਲ ਖ਼ਾਨ ਨੇ ਦੋ ਕਵਿਤਾਵਾਂ ('ਜਾਗੋ ਲੋਕੋ ਜਾਗੋ , ਬੱਸ ਵਿਚ ਸਫ਼ਰ ਕਰਦਿਆ ) ਸਾਂਝੀਆਂ ਕੀਤੀਆਂ। ਜਗਦੇਵ ਸਿੰਘ ਸਿੱਧੂ ਨੇ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੂੰ ਸਰੀ, ਬੀ। ਸੀ। ਦੇ ਸਾਹਿਤਕਾਰਾਂ ਦੀ ਹਾਜ਼ਰੀ ਵਿਚ 'ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰਸਟ ਕੈਨੇਡਾ ਦੇ ਬਾਨੀ ਜੈਤੇਗ ਸਿੰਘ ਅੰਨਤ ਹੋਰਾਂ ਵੱਲੋਂ ਸਨਮਾਨਿਤ ਕੀਤੇ ਜਾਣ ਤੇ ਸਭਾ ਵੱਲੋਂ ਨੀਰ ਨੂੰ ਵਧਾਈ ਦਿੱਤੀ ਗਈ। ਸਤਨਾਮ ਸਿੰਘ ਢਾਅ ਨੇ ਦੇਸ ਰਾਜ ਛਾਜਲੀ ਦੀ ਲਿਖੀ 'ਪੰਜਾਬ ਦੀ ਮਿੱਟੀ ਦੀ ਪੁਕਾਰ ਨਾਂ ਦੀ ਕਵਿਤਾ ਪੇਸ਼ ਕੀਤੀ ਅਤੇ ਮੀਟਿੰਗ ਵਿਚ ਸ਼ਾਮਲ ਸਾਰੇ ਸਾਹਿਤਕ ਦੋਸਤਾਂ ਦਾ ਧੰਨਵਾਦ ਕੀਤਾ।

# ਮਾਂਟਰੀਅਲ-ਦਿੱਲੀ ਦੀਆਂ ਸਿੱਧੀਆਂ ਫਲਾਈਟਾਂ ਜਲਦ

ਟਰਾਂਟੋ-ਏਅਰ ਕੈਨੇਡਾ 31 ਅਕਤੂਬਰ ਤੋਂ ਦਿੱਲੀ ਤੇ ਮੌਂਟਰੀਅਲ ਵਿਚਾਲੇ ਨਾਨ-ਸਟਾਪ ਉਡਾਨਾਂ ਸ਼ੁਰੂ ਕਰਨ ਜਾ ਰਿਹਾ ਹੈ। ਇਹ ਸਿੱਧੀ ਫਲਾਈਟ ਹਫਤੇ ਵਿੱਚ ਤਿੰਨ ਵਾਰ ਉਡਾਨ ਭਰੇਗੀ। ਇਸੇ ਦੌਰਾਨ 15 ਅਕਤੂਬਰ ਤੋਂ ਦਿੱਲੀ ਤੇ ਟਰਾਂਟੋ ਵਿਚਾਲੇ ਨਾਨ-ਸਟਾਪ ਫਲਾਈਟਾਂ ਹਫਤੇ ਵਿੱਚ ਸੱਤ ਵਾਰ ਦੀ ਥਾਂ ਹੁਣ 10 ਵਾਰ ਉਡਾਨਾਂ ਭਰਨਗੀਆਂ। ਏਅਰ ਕੈਨੇਡਾ ਅਨੁਸਾਰ ਦਿੱਲੀ-ਮੌਂਟਰੀਅਲ ਫਲਾਈਟ ਮੰਗਲਵਾਰ, ਵੀਰਵਾਰ ਤੇ ਐਤਵਾਰ ਨੂੰ ਉਡਾਨ ਭਰੇਗੀ ਤੇ ਦਿੱਲੀ ਹਵਾਈ ਅੱਡੇ ਤੋਂ ਉਡਾਨ ਸਵੇਰੇ 1.55 'ਤੇ ਰਵਾਨਾ ਹੋਏਗੀ। ਇਸੇ ਤਰ੍ਹਾਂ ਮੌਂਟਰੀਅਲ ਤੋਂ ਉਡਾਨ ਰਾਤ 8.10 'ਤੇ ਰਵਾਨਾ ਹੋਵੇਗੀ।




TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .






# ਦੁਨੀਆ 'ਚ ਮੇਰੀ ਪਛਾਣ ਬਣੀ ਹੈ-ਨੇਹਾ ਸ਼ਰਮਾ

'ਤਾਨਾਜੀ : ਅਨਸੰਗ ਵਾਰੀਅਰ' ਵਿਚ ਕਮਲਾ ਦੇਵੀ ਦਾ ਕਿਰਦਾਰ ਨਿਭਾ ਚੁੱਕੀ ਨੇਹਾ ਸ਼ਰਮਾ ਦੀ ਇਸ ਫਿਲਮ ਨੇ 300 ਕਰੋੜ ਦਾ ਕਲੱਬ ਕਰਾਸ ਕਰ ਲਿਆ ਸੀ। ਇਸ ਤੋਂ ਇਲਾਵਾ ਨੇਹਾ ਨੇ 'ਕਯਾ ਸੁਪਰਕੂਲ ਹੈਂ ਹਮ', 'ਤੇਰੀ ਮੇਰੀ ਕਹਾਨੀਂ', 'ਯੰਗਿਸਤਾਨ', 'ਮੁਬਾਰਕਾਂ' ਆਦਿ ਫਿਲਮਾਂ ਵਿੱਚ ਕੰਮ ਕੀਤਾ ਹੈ। ਫਿਲਮਾਂ ਵਿੱਚ ਆਪਣੇ 10 ਸਾਲ ਪੂਰੇ ਕਰਨ ਵਾਲੀ ਨੇਹਾ ਨੇ ਪਿਛਲੇ ਦਿਨੀਂ ਵੈਬ ਸ਼ੋਅ 'ਇਲ ਲੀਗਲ' ਨਾਲ ਡਿਜੀਟਲ ਡੈਬਿਊ ਵੀ ਕੀਤਾ ਸੀ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**• ਵੈੱਬ ਪਲੇਟਫਾਰਮ 'ਤੇ ਆਉਣ ਬਾਰੇ ਕਿਵੇਂ ਸੋਚਿਆ ?**

– ਅੱਜ ਡਿਜੀਟਲ ਪਲੇਟਫਾਰਮ 'ਤੇ ਬਹੁਤ ਕੁਝ ਹੋ ਰਿਹਾ ਹੈ ਤੇ ਮੈਂ ਜਿਹੜਾ ਸ਼ੋਅ ਕਰ ਰਹੀ ਹਾਂ, ਉਸ ਦਾ ਨਾਂਅ ਹੈ 'ਇਲ ਲੀਗਲ'। ਦੁਨੀਆ ਵਿੱਚ ਗੈਰ ਕਾਨੂੰਨੀ ਬਹੁਤ ਕੁਝ ਹੋ ਰਿਹਾ ਹੈ। ਇਸ ਵਿੱਚ ਮੈਂ ਵਕੀਲ ਦੀ ਭੂਮਿਕਾ ਨਿਭਾਈ ਹੈ। ਜੇ ਰੋਲ ਚੈਲੇਂਜਿੰਗ ਹੋਵੇ ਤਾਂ ਮਾਧਿਅਮ ਕੋਈ ਅਰਥ ਨਹੀਂ ਰੱਖਦਾ। ਅੱਜ ਓ ਟੀ ਟੀ (ਓਵਰ ਦਿ ਟੌਪ ਵੈਬ ਸ਼ੋਅ) ਪਲੇਟਫਾਰਮ ਐਂਟਰਟੇਨਮੈਂਟ ਦਾ ਦੂਜਾ ਨਾਂਅ ਬਣ ਚੁੱਕਾ ਹੈ।




**• ਵਕੀਲ ਦਾ ਕਿਰਦਾਰ ਨਿਭਾਉਣ ਲਈ ਕੀ ਤੁਸੀਂ ਹੋਮਵਰਕ ਵੀ ਕੀਤਾ ?**

– ਮੈਨੂੰ ਹੋਮਵਰਕ ਕਰਨ ਲਈ ਸਮਾਂ ਨਹੀਂ ਮਿਲਿਆ, ਕਿਉਂਕਿ 15-20 ਦਿਨਾਂ ਵਿੱਚ ਇਸ ਦੀ ਸ਼ੂਟਿੰਗ ਸ਼ੁਰੂ ਹੋਈ ਸੀ। ਜਿੰਨਾ ਵੀ ਟਾਈਮ ਸੀ ਤਾਂ ਉਸ ਵਿੱਚ ਮੈਂ ਚੈਨਲਸ ਸਮੇਤ ਯੂ-ਟਿਊਬ 'ਤੇ ਲੀਗਲ ਸ਼ੋਅਜ਼ ਦੇ ਫੁਟੇਜ ਦੇਖੇ ਕਿ ਵਕੀਲ ਕਿਸ ਤਰ੍ਹਾਂ ਮੁੱਦੇ ਨੂੰ ਰੱਖਦੇ ਹਨ।

**• ਫਿਲਮ 'ਤਾਨਾਜੀ : ਅਨਸੰਗ ਵਾਈਅਰ' ਦੀ ਸਫਲਤਾ ਨਾਲ ਤੁਹਾਡੇ ਕਰੀਅਰ 'ਚ ਕੀ ਤਬਦੀਲੀ ਆਈ ?**

-ਮੇਰੇ ਫਿਲਮੀ ਕਰੀਅਰ ਨੂੰ 10 ਸਲ ਹੋ ਚੁੱਕੇ ਹਨ। ਸਾਰੇ ਜਾਣਦੇ ਹਨ ਕਿ ਮੇਰੀ ਕੋਈ ਫਿਲਮੀ ਬੈਕ ਗਰਾਊਂਡ ਨਹੀਂ ਹੈ। ਮੇਰੇ ਪਿਤਾ ਜੀ ਰਾਜਨੀਤੀ ਵਿੱਚ ਹਨ ਤੇ ਮੈਂ ਅੱਜ ਤੱਕ ਜੋ ਵੀ ਰੋਲ ਹਾਸਲ ਕੀਤਾ ਹੈ, ਉਹ ਆਡੀਸ਼ਨ ਦੇਣ ਤੋਂ ਬਾਅਦ ਹੀ ਕੀਤਾ ਹੈ। ਮੈਂ ਕੋਈ ਸਿਫਾਰਸ਼ ਨਹੀਂ ਸੀ ਕਰਵਾਈ ਤੇ ਨਾ ਮੇਰਾ ਕੋਈ ਮੈਂਟੋਰ ਹੈ। ਰਹੀ ਗੱਲ ਫਿਲਮ 'ਤਾਨਾਜੀ-ਅਨਸੰਗ ਵਾਰੀਅਰ' ਦੀ ਤਾਂ ਇਸ ਤੋਂ ਕਾਫੀ ਖੁਸ਼ ਹਾਂ ਕਿ ਇਤਿਹਾਸਕ ਫਿਲਮ ਦਾ ਹਿੱਸਾ ਬਣ ਕੇ ਮੈਨੂੰ ਸਫਲਤਾ ਹਾਸਲ ਹੋਈ ਹੈ। ਅਜੇ ਦੇਵਗਨ, ਕਾਜੋਲ ਅਤੇ ਸੈਫ ਤੋਂ ਬਾਅਦ ਲੋਕਾਂ ਨੇ ਮੈਨੂੰ ਨੋਟਸ ਕੀਤਾ।




**• ਕੀ ਤੁਹਾਨੂੰ ਸਿਖਰ 'ਤੇ ਨਾ ਪਹੁੰਚਣ ਦਾ ਮਲਾਲ ਹੈ ?**

-ਇਸ ਦਾ ਮੈਨੂੰ ਕੋਈ ਮਲਾਲ ਨਹੀਂ। ਮਾਤਾ-ਪਿਤਾ ਨੂੰ ਨਾਰਾਜ਼ ਕਰ ਕੇ ਮੈਂ ਅਭਿਨੈ ਦੇ ਖੇਤਰ ਵਿੱਚ ਆਈ ਸੀ। ਆਡੀਸ਼ਨ ਵਿੱਚ ਵੀ ਕਈ ਵਾਰ ਇਹ ਗਾਰੰਟੀ ਨਹੀਂ ਹੁੰਦੀ ਕਿ ਕਿਸਮਤ ਸਾਥ ਦੇਵੇਗੀ ਜਾਂ ਨਹੀਂ। ਗੈਰ ਫਿਲਮੀ ਪਰਵਾਰ ਤੋਂ ਹੋਣ ਕਰ ਕੇ ਤੇ ਆਪਣੇ ਅਸੂਲਾਂ ਨਾਲ ਸਮਝੌਤਾ ਨਾ ਕਰਦੇ ਹੋਏ ਸਿਰਫ ਨੇਕੀ, ਖੁਦਾਰੀ ਤੇ ਟੈਲੇਂਟ ਦੇ ਦਮ 'ਤੇ ਫਿਲਮਾਂ ਹਾਸਲ ਕਰਨਾ ਤੇ ਸਫਲ ਹੋਣ ਨੂੰ ਮੈਂ ਵੱਡੀ ਪ੍ਰਾਪਤੀ ਮੰਨਦੀ ਹਾਂ। ਸਾਊਥ ਦੀਆਂ ਫਿਲਮਾਂ ਨਾਲ ਮੈਂ ਆਪਣੇ ਕਰੀਅਰ ਸ਼ੁਰੂ ਕੀਤਾ ਸੀ, ਉਥੇ ਮੇਰਾ ਕਾਫੀ ਦਬਦਬਾ ਸੀ। ਫਿਲਮ ਨਗਰੀ ਵਿੱਚ ਆ ਕੇ ਵੀ ਚੰਗੀ ਪਛਾਣ ਬਣ ਗਈ। ਦੁਨੀਆ ਜਾਨਣ ਲੱਗੀ ਤੇ ਇਥੇ ਗ੍ਰੋਅ ਹੋਈ ਹਾਂ। ਕੁਝ ਵੀ ਹੋਵੇ, ਮੈਂ ਮਿਹਨਤ ਕਰਦੀ ਰਹਾਂਗੀ ਤੇ ਆਪਣੀ ਸਥਾਪਤੀ ਨੂੰ ਹੋਰ ਮਜ਼ਬੂਤ ਕਰਾਂਗੀ।

**• ਕੀ ਕਦੇ ਤੁਸੀਂ ਡਿਪ੍ਰੈਸ਼ਨ ਫੀਲ ਕੀਤਾ ਹੈ ?**

– ਹਰ ਦਿਨ ਹਜ਼ਾਰਾਂ ਲੋਕ ਐਕਟਰ ਜਾਂ ਐਕਟ੍ਰੈਸ ਬਣਨ ਦਾ ਸੁਫਨਾ ਲੈ ਕੇ ਮੁੰਬਈ ਆਉਂਦੇ ਹਨ। ਸਾਰਿਆਂ ਦਾ ਸੁਫਨਾ ਪੂਰਾ ਨਹੀਂ ਹੁੰਦਾ ਤੇ ਆਸ ਮੁਤਾਬਕ ਕੰਮ ਨਾ ਮਿਲਣ ਉੱਤੇ ਡਿਪ੍ਰੈਸ਼ਨ ਹੁੰਦਾ ਹੈ। ਇਸ ਦੇ ਲਈ ਮਾਨਸਿਕ ਤਿਆਰੀ ਰੱਖੋ। ਡਿਪ੍ਰੈਸ਼ਨ ਤੋਂ ਬਚਣ ਲਈ ਖੁਦ ਨੂੰ ਦੂਜੇ ਕੰਮਾਂ ਵਿੱਚ ਬਿਜੀ ਰੱਖੋ।

**• ਤੁਸੀਂ ਇੱਕ ਪੰਜਾਬੀ ਫਿਲਮ ਵੀ ਕੀਤੀ ਹੈ ?**

– ਮੇਰੀ ਪਹਿਲੀ ਪੰਜਾਬੀ ਫਿਲਮ ਹੈ 'ਇੱਕ ਸੰਧੂ ਹੁੰਦਾ ਸੀ'। ਇਸ ਵਿੱਚ ਮੇਰੇ ਆਪੋਜਿਟ ਸੀ ਗਿੱਪੀ ਗਰੇਵਾਲ। ਜੇ ਰੋਲ ਦਮਦਾਰ ਹੋਵੇ ਤਾਂ ਰੀਜਨਲ ਫਿਲਮਾਂ ਕਰਨ ਵਿੱਚ ਕੋਈ ਦਿੱਕਤ ਨਹੀਂ ਹੈ। ਮੈਂ ਵੀ ਇਹ ਫਿਲਮ ਪਸੰਦ ਆਉਣ 'ਤੇ ਸਾਈਨ ਕਰ ਲਈ।



WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE
Multiple Realty Ltd.
768 Kingsway, Vancouver
TEL: 604-434-1431
www.multiplerealty.com

5137 CALVERT DR, DELTA

Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY
$1,049,000


6340 BUSWELL ST, RICHMOND


Top floor, Corner unit,
2 Bedroom 2 Bathroom, Prime Location,
Short walk to Richmond Sky Train, Rental OK

COMING SOON !!
Industrial Warehouse in Richmond Near No. 6 Road on 1999 Savage. Call for more info.

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਕਾਜ਼ੀ

581 'ਜਹਾਂ ਪਨਾਹ! ਕਾਜ਼ੀ ਕਹਿਣ ਲੱਗਾ, ਹੁਕਮ ਹੋਵੇ ਤੇ ਸਭਾ ਲਾ ਲਈਏ।
ਪੀਰਜ਼ਾਦੇ ਕਚਹਿਰੀ ਆਣ ਪਹੁੰਚੇ, ਸ਼ਰਾ-ਸਲਾਮ ਦੀ ਗੱਲ ਚਲਾ ਲਈਏ।
ਕਿੰਨੇ ਪਿਆਰੇ ਕੋਮਲ ਮੁਖੜੇ ਨੇ, ਥਾਂ ਥਾਂ ਰੁੱਲਣ ਤੋਂ ਆਪਾਂ ਬਚਾ ਲਈਏ।
ਇਨ੍ਹਾਂ ਸੁਹਣੇ ਸੁੱਚੇ ਹੀਰਿਆਂਨੂੰ, ਆਪਾਂ ਇਸਲਾਮ ਦੇ ਹਾਰ ਵਿਚ ਪਾ ਲਈਏ॥

582 ਹੁਕਮ ਹੋਵੇ ਤੇ ਕਰੀਏ ਗੱਲ ਅਸੀਂ, ਦੂਜੇ ਕਮਰੇ ਵਿਚ ਲਿਜਾ ਕੇ ਜੀ।
ਸੁੱਚਾ ਨੰਦ ਨੂੰ ਸਾਡੇ ਨਾਲ ਭੇਜੋ, ਅਸੀਂ ਲਈਏ ਵੇਖ ਟੁਣਕਾ ਕੇ ਜੀ।
ਅਗਰ ਮੰਨ ਗਏ ਜੁੱਟੀਆਂ ਮੁੰਨ ਦਈਏ, ਹੁਣੇ ਨਾਈ ਤਾਈਂ ਬੁਲਾ ਕੇ ਜੀ।
ਹਰਚੰਦ ਸਿੰਘਾ ਸੁੱਨਤਾਂ ਕਰ ਦਈਏ, ਗਲੋਂ ਸੁੱਟੀਏ ਗਾਤਰੇ ਲਾਹ ਕੇ ਜੀ॥

583 ਮੁਸਲਮਾਨ ਜੇ ਹੋ ਗਏ ਪੀਰਜ਼ਾਦੇ, ਹਿੰਦੂ-ਸਿੱਖਾਂ ਵੀ ਮੁਸਲਮਾਨ ਹੋਣਾ।
ਖ਼ਬਰ ਸੁਣ ਔਰੰਗਜੇਬ ਨੂੰ ਵੀ, ਹਜ਼ੂਰ ਆਪ ਤੇ ਬਹੁਤ ਹੀ ਮਾਣ ਹੋਣਾ।
ਉੱਚੇ ਅਹੁਦੇ ਹੋਰ ਨਸੀਬ ਹੋਸੀ, ਚਰਚਾ ਆਪਦਾ ਵਿਚ ਜਹਾਨ ਹੋਣਾ।
ਦੇਸ਼ ਵਿਚ ਬਗਾਵਤਾਂ ਹੋਣੀਆਂ ਨਾ, ਇਕੋ ਕੌਮੀ ਹਿੰਦੁਸਤਾਨ ਹੋਣਾ॥

### ਵਜ਼ੀਰ ਖਾਂ

584 ਵਜ਼ੀਰ ਖਾਂ ਖੁਸ਼ੀ ਦੇ ਵਿਚ ਕਹਿੰਦਾ, ਇਰਾਦਾ ਨੇਕ ਹੈ ਕਰੋ ਨਾ ਦੇਰ ਮੀਆਂ।
ਭੋਰਾ ਭਰ ਨੇ ਇਨ੍ਹਾਂ ਕੀ ਉਜਰ ਕਰਨਾ, ਦਿਉ ਸਿਰਾਂ ਤੇ ਉਸਤਰੇ ਫੇਰ ਮੀਆਂ।
ਇਹ ਕੰਮ ਅੱਜ ਜੇ ਕਰ ਦੇਵੋਂ, ਦੌਲਤ ਦੇਵਾਂ ਤੁਸਾਂ ਨੂੰ ਢੇਰ ਮੀਆਂ।
ਕਾਜੀ ਸਾਹਿਬ ਕਰੜੇ ਹੱਥ ਪਾਇਓ, ਬੱਚੇ ਲਗਦੇ ਮੈਨੂੰ ਦਲੇਰ ਮੀਆਂ॥

### ਸੁੱਚਾ ਨੰਦ

585 ਕਚਹਿਰੀ ਵਿੱਚੋਂ ਲੈ ਗਏ ਬੱਚਿਆਂ ਨੂੰ, ਦੂਜੇ ਕਮਰੇ ਵਿਚ ਬਹਾ ਦਿੱਤੇ।
ਮਾਂ-ਬਾਪ ਨੇ ਥੋਡੇ ਮਰ ਚੁੱਕੇ, ਵੀਰ ਥੋਡੇ ਫੌਜਾਂ ਮੁਕਾ ਦਿੱਤੇ।
ਨਵਾਬ ਸਾਹਿਬ ਰੱਖਣਗੇ ਕੋਲ ਥੋਨੂੰ, ਸਬਜ਼ਬਾਗ ਸੀ ਬੜੇ ਦਿਖਾ ਦਿੱਤੇ।
ਨਾਲ ਪਿਆਰ ਦੇ ਕੀਤੀਆਂ ਬਹੁਤ ਗੱਲਾਂ, ਹਰਚੰਦ ਸਿੰਘਾ ਨਾਲੇ ਡਰਾ ਦਿੱਤੇ॥

586 ਮੌਜਾਂ ਕਰੋਗੇ ਕਾਕਾ ਮੁਸਲਮਾਨ ਹੋ ਕੇ, ਦਰ ਦਰ ਤੇ ਠੋਕਰਾਂ ਖਾਣੀਆਂ ਨਹੀਂ।
ਰਾਜ ਕੁਮਾਰਾਂ ਦੇ ਰਹੋਗੇ ਵਾਂਙ ਤੁਸੀਂ, ਕਿਸੇ ਗੱਲੋਂ ਤੰਗੀਆਂ ਆਣੀਆਂ ਨਹੀਂ।
ਇਸੇ ਤਰ੍ਹਾਂ ਰਹਿਣੇ ਸਰੀਰ ਥੋਡੇ, ਲੱਤਾਂ-ਬਾਹਾਂ ਤੁਸਾਂ ਗੁਆਣੀਆਂ ਨਹੀਂ।
ਮਹਿਲ ਰਹਿਣ ਨੂੰ ਡੋਲੇ ਬੇਗਮਾਂ ਦੇ, ਮੌਜਾਂ ਮੁੜਕੇ ਇਹ ਥਿਆਣੀਆਂ ਨਹੀਂ॥

### ਕਾਜ਼ੀ

587 ਜੇ ਨਾ ਮੰਨੇ, ਸੁਣ ਲਓ ਗੱਲ ਸਾਡੀ, ਥੋਨੂੰ ਨੀਹਾਂ ਦੇ ਵਿਚ ਚਿਣਵਾ ਦੇਣਾ।
ਇੱਟਾਂ-ਗਾਰੇ ਦਾ ਪਾ ਕੇ ਭਾਰ ਕਾਕਾ, ਸਾਹ ਹਿੱਕੜੀ ਵਿੱਚੋਂ ਮੁਕਾ ਦੇਣਾ।
ਨਵਾਬ ਸਾਹਿਬ ਨੇ ਸੱਦ ਜਲਾਦਾਂ ਨੂੰ, ਥੋਡੇ ਸਿਰਾਂ ਨੂੰ ਕਤਲ ਕਰਾ ਦੇਣਾ।
ਤੁਸੀਂ ਮੌਜ ਜਾ ਕੇ ਮੌਤ ਚਾਹੁੰਦੇ, ਕਰ ਮਸ਼ਵਰਾ ਸਾਨੂੰ ਬਤਾ ਦੇਣਾ॥

### ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ

588 ਜ਼ੋਰਾਵਰ ਜੀ ਗੁੱਸੇ ਦੇ ਨਾਲ ਬੋਲੇ, ਸੌ ਦੀ ਇੱਕ ਮੈਂ ਦੇਵਾਂ ਸੁਣਾ ਮੀਆਂ।
ਸਾਨੂੰ ਲੋੜ ਨਹੀਂ ਮਹਿਲ ਤੇ ਬੇਗਮਾਂ ਦੀ, ਨਾ ਹੀ ਮੌਤ ਦੇ ਕੋਲੋਂ ਡਰਾ ਮੀਆਂ।
ਅਸੀਂ ਜਿਵੇਂ ਹਾਂ ਇਵੇਂ ਹੀ ਰਹਿਣਾ ਏ, ਪਰਦਾ ਮਜ਼ਹਬ ਦਾ ਅੱਖਾਂ ਤੋਂ ਲਾਹ ਮੀਆਂ।
ਅਸੀਂ ਦੱਸ ਤਾ ਤੈਨੂੰ ਸੁਣ ਕਾਜ਼ੀ, ਜੋਰ ਜਿਹੜਾ ਲੱਗਦਾ ਲਾ ਮੀਆਂ॥

### ਸੁੱਚਾ ਨੰਦ

589 ਸਾਰੇ ਮੁੜ ਕਚਹਿਰੀ ਦੇ ਵਿਚ ਆਏ, ਵਿਚ ਨਾਂਹ ਦੇ ਸਿਰ ਹਿਲਾਂਵਦੇ ਨੇ।
'ਸੂਲਾਂ ਜਮਦੀਆਂ ਦੇ ਤਿੱਖੇ ਮੂੰਹ ਹੁੰਦੇ, ਸੁੱਚਾ ਨੰਦ ਇਹ ਆਖ ਸੁਣਾਂਵਦੇ ਨੇ।
ਕਾਜ਼ੀ ਆਖਦਾ ਸੱਪਾਂ ਦੀ ਜਿਨਸ ਜ਼ਹਿਰੀ, ਨਿੱਕੀ ਉਮਰੇ ਡੰਗ ਚਲਾਂਵਦੇ ਨੇ।
ਹਰਚੰਦ ਸਿੰਘਾ ਮੱਖੀ ਨਹੀਂ ਬਹਿਣ ਦੇਂਦੇ, ਜੋ ਲਿਖੀਏ ਪਲ ਵਿਚ ਢਾਂਵਦੇ ਨੇ॥

### ਕਵੀਓ ਵਾਚ

590 ਕਹਿੰਦੇ ਸੂਬਾ ਸੀ ਸਮਝਦਾਰ ਬੰਦਾ, ਅਸੂਲੇ-ਇਸਲਾਮ ਦਾ ਕਦਰਦਾਨ ਹੈ ਸੀ।
ਉਸਦੇ ਘਰ ਵੀ ਬੀਵੀਆਂ-ਬਾਲ ਬੱਚੇ, ਹੱਡ-ਮਾਸ ਦਾ ਉਹ ਇਨਸਾਨ ਹੈ ਸੀ।
ਰਣ ਵਿਚ ਲਲਕਾਰ ਦਾ ਵੈਰੀਆਂ ਨੂੰ, ਘੋੜ ਅਸਵਾਰ ਤੇ ਜੁੱਸੇ ਜਾਨ ਹੈ ਸੀ।
ਇਸਲਾਮ ਦੀ ਬੇਹਤਰੀ ਲਈ ਚਿਰ ਤੋਂ, ਆਇਆ ਜੂਝਦਾ ਇਹ ਖਾਨਦਾਨ ਹੈ ਸੀ॥

### ਵਜ਼ੀਰ ਖਾਂ

591 ਸਲਾਹਕਾਰਾਂ ਤੇ ਕਾਜੀਆਂ ਸੱਦ ਕੋਲੇ, ਕਹਿੰਦਾ ਬਾਲਾਂ ਨੂੰ ਕਰ ਰਿਹਾਅ ਦਈਏ।
ਜੋ ਸਜਾ ਇਸਲਾਮ ਮਨ੍ਹਾ ਕਰਦਾ, ਕਿਵੇਂ ਆਪਾਂ ਇਨ੍ਹਾਂ ਨੂੰ ਲਾ ਦਈਏ।
ਬੁੱਢੀ ਦਾਦੀ ਅਤੇ ਮਾਸੂਮ ਪੋਤੇ, ਥਾਂ ਵੇਖ ਕੇ ਕਿਤੇ ਲੁਕਾ ਦਈਏ।
ਹਰਚੰਦ ਸਿੰਘਾ ਬਦਨਾਮੀ ਤੋਂ ਦੂਰ ਰਹੀਏ, ਕੰਡਾ ਕਿਸੇ ਤੋਂ ਇਹ ਕਢਾ ਦਈਏ॥

### ਕਾਜ਼ੀ

592 ਕਹਿੰਦਾ ਕਾਜ਼ੀ ਮਸੀਂ ਇਹ ਹੱਥ ਆਏ, ਹੱਥੋਂ ਨਿਕਲੇ ਮੁੜ ਨਾ ਹੱਥ ਆਉਣੇ।
ਬਿਨਾਂ ਸਿੰਗਾਂ ਤੋਂ ਟੱਕਰਾਂ ਮਾਰਦੇ ਜੋ, ਫਿਰ ਸਿੰਗਾਂ ਨੂੰ ਔਖੇ ਹੱਥ ਪਾਉਣੇ।
ਸਾਥੋਂ ਇੱਕ ਨੀ ਅਜੇ ਤੱਕ ਫੜ ਹੋਇਆ, ਇਨ੍ਹਾਂ ਸਾਡੇ ਗਲਾਂ ਤੇ ਟੱਕ ਲਾਉਣੇ।
ਕਰਾਮਾਤੀ ਇਹ ਬਾਲ ਹਰਚੰਦ ਸਿੰਘਾ, ਇਨ੍ਹਾਂ ਕੀਂਗਰੇ ਦਿੱਲੀ ਦੇ ਜਾ ਢਾਉਣੇ॥

593 ਕੰਨ ਭਰਨਗੇ ਲੋਕ ਜਾਂ ਸ਼ਹਿਨਸ਼ਾਹ ਦੇ, ਖੌਰੇ ਕੀ ਕੀ ਲੂਤੀਆਂ ਲਾਉਣਗੇ ਉਹ।
ਹੋ ਸਕਦਾ ਹਜ਼ੂਰ ਦੀ ਕਰਨ ਛੁੱਟੀ, ਰਾਜ ਸਰਹਿੰਦ ਦਾ ਆਪ ਤੋਂ ਖੋਹਣਗੇ ਉਹ।
ਬਾਦਸ਼ਾਹ ਹੈ ਆਪ ਤੇ ਖ਼ਫ਼ਾ ਹੋਇਆ, ਹਵਾ ਅੱਗ ਨੂੰ ਹੋਰ ਦਿਖਾਉਣਗੇ ਉਹ।
ਮੁਦੱਈ ਆਪ ਨੂੰ ਕਹਿਣਗੇ ਕਾਫਰਾਂ ਦਾ, ਵਿੱਚ ਮੁਸ਼ਕਲਾਂ ਆਪ ਨੂੰ ਪਾਉਣਗੇ ਉਹ॥

594 ਮਤਾ ਸਭਾ ਤੋਂ ਪਾਸ ਕਰਾਓ ਪਹਿਲਾਂ, ਫਿਰ ਇਨ੍ਹਾਂ ਨੂੰ ਆਪਾਂ ਦਬਕਾ ਲਈਏ।
ਮੈਂ ਵੇਖਣਾ ਕਿਵੇਂ ਇਹ ਨਾਂਹ ਕਰਦੇ, ਵਿਚ ਨੀਹਾਂ ਦੇ ਧਰ ਚਿਨਵਾ ਲਈਏ।
ਇੱਟਾਂ-ਗਾਰੇ ਦਾ ਪਾਕੇ ਭਾਰ ਸਾਈਂ, ਦੀਨ ਇਨ੍ਹਾਂ ਦਾ ਆਪਾਂ ਬਦਲਾ ਲਈਏ।
ਹਰਚੰਦ ਸਿੰਘਾ ਫਿਰ ਵੀ ਕਰਨ ਅੜੀਆਂ, ਸੀਸ ਦੋਹਾਂ ਦੇ ਧੜਾਂ ਤੋਂ ਲਾਹ ਲਈਏ॥

### ਕਵੀਓ ਵਾਚ

595 ਬੈਠਾ ਤਖਤ ਤੇ ਕਰਨ ਇਨਸਾਫ ਜਿਹੜਾ, ਕੱਟੜ ਪੰਥੀਆਂ ਲੀਹ ਤੋਂ ਲਾਹ ਦਿੱਤਾ।
ਦੀਪ ਨੇਕੀ ਦਾ ਉਸਨੇ ਬਾਲਿਆ ਜੋ, ਫੂਕ ਮਾਰ ਕੇ ਝੱਟ ਬੁਝਾਅ ਦਿੱਤਾ।
ਮਿਲੇ ਜਿਸ ਨੂੰ ਸਲਾਹਕਾਰ ਮਾੜੇ, ਭੱਠਾ ਉਸੇ ਦਾ ਉਨ੍ਹਾਂ ਬਹਾਅ ਦਿੱਤਾ।
ਵਜ਼ੀਰ ਖਾਂ ਨੂੰ ਵੇਖ ਹਰਚੰਦ ਸਿੰਘਾ, ਰਾਹ ਜ਼ੁਲਮ ਦੇ ਉਨ੍ਹਾਂ ਨੇ ਪਾ ਦਿੱਤਾ॥

### ਸ਼ੇਰ ਮੁਹੰਮਦ ਖਾਂ

596 ਮਤਾ ਰੱਖਿਆ ਸਭਾ ਦੇ ਜਦ ਮੂਹਰੇ, ਸ਼ੇਰ ਖਾਂ ਨੇ ਉਠ ਇਤਰਾਜ਼ ਕੀਤਾ।
ਨਵਾਬ ਉਹ ਸੀ ਮਲੇਰਕੋਟਲੇ ਦਾ, ਕਹਿੰਦਾ ਨੇਕ ਨਹੀਂ ਤੁਸਾਂ ਨੇ ਕਾਜ ਕੀਤਾ।
ਸਭ ਅਸੂਲ ਇਸਲਾਮ ਦੇ ਤੋੜ ਦਿੱਤੇ, ਅੱਲਾ-ਤਾਲਾ ਨੂੰ ਤੁਸਾਂ ਨਾਰਾਜ਼ ਕੀਤਾ।
ਬੂ ਆਏ ਪਈ ਮਿਲਾਵਟਾਂ ਦੀ, ਨਹੀਂ ਫੈਸਲਾ ਤੁਸੀਂ ਆਜ਼ਾਦ ਕੀਤਾ॥

597 ਮਾਸੂਮ ਬੱਚੇ ਖ਼ੁਦਾ ਦੀ ਆਤਮਾ ਨੇ, ਤੁਸੀਂ ਕਤਲ ਖ਼ੁਦਾ ਦਾ ਕਰਨ ਲੱਗੇ।
ਸਭ ਕੁੱਝ ਹੀ ਡੁੱਬਜੂ ਜੋ ਬਣਿਆ, ਕਿਉਂ ਬੇੜੀ ਪਾਪਾਂ ਦੀ ਭਰਨ ਲੱਗੇ।
ਤੁਸੀਂ ਬਚੋ ਖ਼ੁਦਾ ਦੇ ਕਹਿਰ ਕੋਲੋਂ, ਕਿਉਂ ਅੱਗ ਤਲੀ ਤੇ ਧਰਨ ਲੱਗੇ।
ਰੋਕ ਇਨ੍ਹਾਂ ਨੂੰ ਜਾ ਕੇ ਹਰਚੰਦ ਸਿੰਘਾ, ਕਿੱਲ ਇਸਲਾਮ ਦੀ ਹਿੱਕ ਵਿਚ ਜੜਨ ਲੱਗੇ॥

598 ਕੁਰਸੀ ਮਿਲੀ ਹੈ ਹੱਕ-ਹਲਾਲ ਵਾਲੀ, ਮਜਹਬ ਛੱਡ ਕੇ ਕਰ ਇਨਸਾਫ ਮੀਆਂ।
ਕੀਤਾ ਕੋਈ ਗੁਨਾਹ ਨਹੀਂ ਬੱਚਿਆਂ ਨੇ, ਕਣੀਆਂ ਵਾਂਗ ਨੇ ਇਹ ਤੇ ਸਾਫ ਮੀਆਂ।
ਵੇਖੀਂ ਥੇਹ ਨਾ ਹੋ ਸਰਹਿੰਦ ਜਾਏ, ਲੈ ਲਈ ਨਾ ਕਿਤੇ ਸਰਾਫ਼ ਮੀਆਂ।
ਹਰਚੰਦ ਸਿੰਘਾ ਖ਼ੁਦਾ ਦਾ ਵਾਸਤਾ ਏ, ਮੇਰੀ ਮੰਨ ਤੇ ਕਰਦੇ ਮਾਫ਼ ਮੀਆਂ॥

*(ਬਾਕੀ ਅਗਲੇ ਅੰਕ ਵਿਚ)*

48 YEARS OF EXCELLENCE THE LINK GROUP
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# RADIO INDIA - 1110 AM

## 24-Hour

We are back on air.....

Radio India

Tune into 1110 AM

www.radioindia.ca

604 592 9191

604 592 9091

info@radioindia.ca



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 25, 6'1", ਗੁਰਸਿੱਖ, ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਲੜਕੀ ਪੜੀ ਲਿਖੀ, ਲੰਬੀ ਅਤੇ ਗੁਰਸਿੱਖ ਹੋਣੀ ਚਾਹਿਦੀ ਹੈ। ਸੰਪਰਕ-778-917-3193 ਜਾਂ ਈਮੇਲ: jsingh0816@gmail.com

ਕੈਨੇਡੀਅਨ ਪੀ.ਆਰ ਜੱਟ ਸਿੱਖ ਲੜਕਾ, 1988, 5'8", MBA, ਲਈ ਬਰਾਬਰ ਯੋਗਤਾ ਲੜਕੀ ਦੀ ਲੋੜ ਹੈ। ਸੰਪਰਕ-9915213697 (ਇੰਡੀਆ ਵੈਟਸੈਪ)

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਹਿੰਦੂ ਖੱਤਰੀ ਲੜਕਾ, 32, 5'8", ਐਮ.ਕਾਮ ਐਲਐਲਬੀ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਮਾਂਟਰੀਅਲ (ਕਿਊਬੇਕ) ਵਿਚ ਸਟੱਡੀ ਕਰ ਰਿਹਾ ਹੈ। ਭਾਰਤ ਵਿਚ ਵਧੀਆ ਪਰਿਵਾਰ ਹੈ। ਸੰਪਰਕ-778-710-0181 ਜਾਂ 98155-34655

### ਲੜਕੇ ਦੀ ਲੋੜ

ਹਿੰਦੂ ਰਵਿਦਾਸੀਆ ਲੜਕੀ, 31, 5'5", ਐਮ.ਐਸ.ਸੀ. (ਕੰਪਿਊਟਰ ਸਾਇੰਸ) ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਵੈਸ਼ਨੂੰ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਪਰਿਵਾਰ ਭਾਰਤ ਵਿਚ ਵਧੀਆ ਸੈਟਲਡ ਹੈ। ਸੰਪਰਕ-778-710-0181 ਜਾਂ 95921-36320

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## EMPLOYMENTS

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

S K Fraimng ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

### ਕੇਅਰਗੀਵਰ ਦੀ ਲੋੜ

80 ਸਾਲ ਦੀ ਪੰਜਾਬੀ ਔਰਤ ਦੀ ਦੇਖਭਾਲ ਕਰਨ ਲਈ ਤੁਰੰਤ "ਹਿੰਦੀ/ ਪੰਜਾਬੀ ਬੋਲਣ ਵਾਲੇ" ਕੇਅਰਗੀਵਰ ਲੋੜ ਹੈ। ਭਾਰਤੀ ਅਤੇ ਪੰਜਾਬੀ ਖਾਣਾ ਪਕਾਉਣਾ, ਘਰ ਨੂੰ ਧੋਣ, ਲਾਂਡਰੀ ਅਤੇ ਆਮ ਦੇਖਭਾਲ ਵਿੱਚ ਸਹਾਇਤਾ ਕਰਨ।ਲਾਭਾਂ ਦੇ ਨਾਲ ਚੰਗੀ ਤਨਖਾਹ।ਕੰਮ ਦੀ ਜਗ੍ਹਾ ਵੈਨਕੂਵਰ ਹੈ।ਹੋਰ ਵਧੇਰੇ ਜਾਣਕਾਰੀ ਲਈ 14037600442 (Ash) ਤੇ ਕਾਲ ਕਰੋ, ਸਵੇਰੇ 10 ਵਜੇ ਤੋਂ ਰਾਤ 8 ਵਜੇ ਦੇ ਵਿਚਕਾਰ ਕਾਲ ਕਰੋ।

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ


ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

# ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਕਾਰਨ ਕਸ਼ਮੀਰ ਦੇ ਹਾਲਾਤ ’ਤੇ ਬਹੁਤ ਦੂਰਗਾਮੀ ਅਸਰ ਪੈ ਸਕਦੇ ਹਨ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
9501100062

ਪੰਜਸ਼ੀਰ ਘਾਟੀ ‘ਤੇ ਕਬਜ਼ੇ ਤੋਂ ਬਾਅਦ ਤਾਲਿਬਾਨ ਦਾ ਸਾਰੇ ਅਫਗਾਨਿਸਤਾਨ ‘ਤੇ ਮੁਕੰਮਲ ਕਬਜ਼ਾ ਹੋ ਗਿਆ ਹੈ। ਤਾਲਿਬਾਨ ਮੁਖੀ ਮੁੱਲਾਂ ਉਬੈਦੁੱਲਾਹ ਆਖੁੰਦਜ਼ਾਦਾ ਦੀ ਅਗਵਾਈ ਹੇਠ ਸਰਕਾਰ ਦਾ ਗਠਨ ਵੀ ਹੋ ਗਿਆ ਹੈ ਜਿਸ ਵਿੱਚ ਅਮਰੀਕਾ ਦੇ ਸਖਤ ਵਿਰੋਧ ਦੇ ਬਾਵਜੂਦ ਸਿਰਾਜ਼ੁਦੀਨ ਹੱਕਾਨੀ ਸਮੇਤ ਅਨੇਕਾਂ ਅੰਤਰਰਾਸ਼ਟਰੀ ਅੱਤਵਾਦੀਆਂ ਨੂੰ ਮੰਤਰੀ ਬਣਾਇਆ ਗਿਆ ਹੈ। ਹੱਕਾਨੀ ਅਮਰੀਕਾ ਦੀ ਖੁਫੀਆ ਏਜੰਸੀ ਐਫ.ਬੀ.ਆਈ ਦਾ ਸਭ ਤੋਂ ਵੱਧ ਲੋੜੀਂਦਾ ਅੱਤਵਾਦੀ ਹੈ ਜਿਸ ਦੇ ਸਿਰ ‘ਤੇ ਦਸ ਕਰੋੜ ਡਾਲਰ (ਕਰੀਬ ਸਾਢੇ 7 ਅਰਬ ਰੁਪਏ) ਦਾ



ਇਨਾਮ ਹੈ। ਤਾਲਿਬਾਨ ਲੀਡਰਾਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਸਾਲਾਂ ਤੋਂ ਵੱਖ ਵੱਖ ਦੁਸ਼ਮਣਾਂ ਨਾਲ ਲੜਦੇ ਆ ਰਹੇ ਆਪਣੇ ਸੈਨਿਕਾਂ ਨੂੰ ਹੁਣ ਕਿਸ ਕੰਮ ‘ਤੇ ਲਗਾਇਆ ਜਾਵੇ। ਕਿਉਂਕਿ ਅਫਗਾਨਾਂ ਨੂੰ ਜੇ ਲੜਨ ਲਈ ਸਾਂਝਾ ਦੁਸ਼ਮਣ ਨਾ ਮਿਲੇ ਤਾਂ ਉਹ ਆਪਸ ਵਿੱਚ ਹੀ ਲੜਨਾ ਸ਼ੁਰੂ ਕਰ ਦਿੰਦੇ ਹਨ। ਤਾਲਿਬਾਨ ਸਰਕਾਰ ਨੀ ਭਵਿੱਖੀ ਨੀਤੀ ਬਾਰੇ ਮੁੱਖ ਬੁਲਾਰੇ ਮੁੱਲਾਂ ਉਮਰ ਮੁਜ਼ਾਹਿਦ ਨੇ ਕੁਝ ਦਿਨ ਪਹਿਲਾਂ ਇੱਕ ਬਿਆਨ ਜਾਰੀ ਕੀਤਾ ਹੈ ਕਿ ਉਨ੍ਹਾਂ ਦਾ ਅਗਲਾ ਮਿਸ਼ਨ ਕਸ਼ਮੀਰ, ਸੀਰੀਆ, ਲੀਬੀਆ ਅਤੇ ਸੋਮਾਲੀਆ ਵਰਗੇ ਮੁਸਲਿਮ ਬਹੁਗਿਣਤੀ ਦੇਸ਼ਾਂ ਅਤੇ ਇਲਾਕਿਆਂ ਨੂੰ ਅਜ਼ਾਦ ਕਾਰਉਣ ਦਾ ਹੈ। ਪਰ ਤਾਲਿਬਾਨ ਵੀ ਹੁਣ ਕੂਟਨੀਤੀ ਸਿੱਖ ਗਏ ਹਨ। ਉਮਰ ਮੁਜ਼ਾਹਿਦ ਨੇ ਚੀਨ ਦੇ ਉਇਗਰ ਅਤੇ ਰੂਸ ਦੇ ਚੇਚਨ ਮੁਸਲਮਾਨਾਂ ਬਾਰੇ ਇੱਕ ਲਫਜ਼ ਵੀ ਨਹੀਂ ਬੋਲਿਆ ਕਿਉਂਕਿ ਇਸ ਵੇਲੇ ਚੀਨ ਅਤੇ ਰੂਸ ਉਸ ਦੇ ਸਭ ਤੋਂ ਵੱਡੇ ਸਮਰਥਕ ਹਨ। ਤਾਲਿਬਾਨ ਦੇ ਕਬਜ਼ੇ ਦੇ ਨਾਲ ਹੀ ਅਫਗਾਨਿਸਤਾਨ ਤੋਂ ਆਪਣੀਆਂ ਕਾਰਵਾਈਆਂ ਚਲਾਉਣ ਵਾਲੀਆਂ ਅੱਤਵਾਦੀ ਜਥੇਬੰਦੀਆਂ ਅਲ ਕਾਇਦਾ, ਈਸਟਰਨ ਤੁਰਕਿਸਤਾਨ ਇਸਲਾਮਿਕ ਪਾਰਟੀ, ਇਸਲਾਮਿਕ ਮੂਵਮੈਂਟ ਫਾਰ ਉਜ਼ਬੇਕਿਸਤਾਨ, ਤਹਿਰੀਕੇ ਤਾਲਿਬਾਨ ਪਾਕਿਸਤਾਨ, ਜੈਸ਼ੇ ਮੁਹੰਮਦ, ਲਸ਼ਕਰੇ ਤੋਇਬਾ ਅਤੇ ਹੱਕਾਨੀ ਨੈੱਟਵਰਕ ਵਿੱਚ ਨਵੀਂ ਜਾਨ ਪੈ ਗਈ ਤੇ ਉਹ ਹੁਣ ਅਮਰੀਕਾ ਦੇ ਭੈਅ ਤੋਂ ਮੁਕਤ ਹੋ ਕੇ ਆਪਣੇ ਘਟੀਆ ਮਨਸੂਬਿਆਂ ਨੂੰ ਖੁਲ੍ਹ ਕੇ ਸਰਅੰਜ਼ਾਮ ਦੇ ਸਕਦੇ ਹਨ। ਜੈਸ਼ੇ ਮੁਹੰਮਦ ਅਤੇ ਲਸ਼ਕਰੇ ਤੋਇਬਾ ਦੇ ਕੁੱਲ ਮਿਲਾ ਕੇ ਕਰੀਬ 15000 ਲੜਾਕਿਆਂ ਨੇ ਤਾਲਿਬਾਨ ਨਾਲ ਮਿਲ ਕੇ ਅਮਰੀਕਾ ਦੇ ਖਿਲਾਫ ਜੰਗ ਲੜੀ ਸੀ ਤੇ ਇਸ ਦੇ ਇਵਜ਼ਾਨੇ ਵਜੋਂ ਹੁਣ ਉਨ੍ਹਾਂ ਨੂੰ ਕਸ਼ਮੀਰ ਵਿੱਚ ਜ਼ੇਹਾਦ ਕਰਨ ਲਈ ਤਾਲਿਬਾਨ ਦੀ ਖੁਲ੍ਹੀ ਇਮਦਾਦ ਮਿਲਣ ਦੀ ਪੂਰੀ ਉਮੀਦ ਹੈ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐੱਸ.ਆਈ. ਦਾ ਤਾਲਿਬਾਨ ਸਰਕਾਰ ‘ਤੇ ਪੂਰਾ ਪ੍ਰਭਾਵ ਹੈ ਤੇ ਉਸ ਨੇ ਅਮਰੀਕਾ ਦੇ ਖਿਲਾਫ ਤਾਲਿਬਾਨ ਦੀ ਹਰ ਪ੍ਰਕਾਰ ਦੀ ਹਥਿਆਰਾਂ ਅਤੇ ਪੈਸੇ ਨਾਲ ਮਦਦ ਕੀਤੀ ਸੀ। ਤਾਲਿਬਾਨ ਸਰਕਾਰ ਦਾ ਗਠਨ ਵੀ ਆਈ.ਐੱਸ.ਆਈ. ਦੀ ਮਰਜ਼ੀ ਮੁਤਾਬਕ ਹੋਇਆ ਹੈ ਤੇ ਪੰਜਸ਼ੀਰ ਘਾਟੀ ਦੀ ਜਿੱਤ ਪਾਕਿਸਤਾਨੀ ਫੌਜ ਦੀ ਮਦਦ ਤੋਂ ਬਗੈਰ ਮੁਮਕਿਨ ਨਹੀਂ ਸੀ। ਕੁਝ ਦਿਨ ਪਹਿਲਾਂ ਹੀ ਆਈ.ਐੱਸ.ਆਈ. ਮੁਖੀ ਜਨਰਲ ਫੈਜ਼ ਹਮੀਦ ਨੇ ਅਫਗਾਨਿਸਤਾਨ ਦਾ ਦੌਰਾ ਕੀਤਾ ਹੈ ਜਿੱਥੇ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਤਾਲਿਬਾਨ ਦੇ ਕਈ ਪ੍ਰਮੁੱਖ ਲੀਡਰਾਂ ਦੇ ਪਰਿਵਾਰ ਕਈ ਸਾਲਾਂ ਤੋਂ ਪਾਕਿਸਤਾਨ ਵਿੱਚ ਸ਼ਾਹੀ ਜੀਵਨ ਬਤੀਤ ਕਰ ਰਹੇ ਹਨ ਤੇ ਹੁਣ ਪਾਕਿਸਤਾਨ ਤਾਲਿਬਾਨ ਤੋਂ ਕੀਤੇ ਹੋਏ ਅਹਿਸਾਨਾਂ ਦਾ ਮੁੱਲ ਵਸੂਲਣਾ ਚਾਹੁੰਦਾ ਹੈ।

ਇਸ ਤੋਂ ਇਲਾਵਾ ਅਮਰੀਕਾ ਅਫਗਾਨਿਸਤਾਨ ਤੋਂ ਭੱਜਦੇ ਸਮੇਂ ਜੰਗੀ ਜਹਾਜ, ਬਲੈਕ ਹਾਕ ਹੈਲੀਕਾਪਟਰ, ਫੌਜੀ ਗੱਡੀਆਂ, ਰਾਈਫਲਾਂ, ਰਾਕਟ, ਤੋਪਾਂ ਅਤੇ ਗੋਲੀ ਸਿੱਕੇ ਸਮੇਤ ਅਰਬਾਂ ਡਾਲਰ




METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

ਦਾ ਸਾਜ਼ੋ ਸਮਾਨ ਪਿੱਛੇ ਛੱਡ ਗਿਆ ਹੈ ਜਿਸ ਦੀ ਮੁਰੰਮਤ ਅਤੇ ਇਸਤੇਮਾਲ ਲਈ ਪਾਕਿਸਤਾਨੀ ਪਾਇਲਟਾਂ, ਇੰਜੀਨੀਅਰਾਂ ਅਤੇ



ਸਪੇਅਰ ਪਾਰਟਸ ਦੀ ਸਖਤ ਜਰੂਰਤ ਹੈ। ਤਾਲਿਬਾਨੀ ਪਾਇਲਟ ਜਹਾਜ਼ਾਂ ਅਤੇ ਹੈਲੀਕਾਪਟਰਾਂ ਨੂੰ ਉਡਾਉਣ ਦੀ ਟਰੇਨਿੰਗ ਲੈਣ ਲਈ ਪਾਕਿਸਤਾਨ ਪਹੁੰਚ ਚੁੱਕੇ ਹਨ। ਭਾਰਤ ਲਈ ਇਹ ਫਿਕਰ ਵਾਲੀ ਗੱਲ ਹੈ। ਇਸ ਵਾਰ ਤਾਲਿਬਾਨ ਭਾਵੇਂ ਨਿਮਰ ਭਾਸ਼ਾ ਬੋਲ ਰਹੇ ਹਨ, ਪਰ ਉਨ੍ਹਾਂ 'ਤੇ ਪਾਕਿਸਤਾਨ ਦੇ ਪ੍ਰਭਾਵ ਨੂੰ ਵੇਖਦੇ ਹੋਏ ਉਨ੍ਹਾਂ ਦੀ ਗੱਲ 'ਤੇ ਜਿਆਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਕਬਜ਼ੇ ਤੋਂ ਫੌਰਨ ਬਾਅਦ ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਵਿਸ਼ਵਾਸ਼ ਦਿਵਾਇਆ ਸੀ ਕਿ ਅਮਰੀਕਾ ਅਤੇ ਨਾਟੋ ਦੇਸ਼ਾਂ ਲਈ ਕੰਮ ਕਰ ਕਰਨ ਵਾਲੇ ਨਾਗਰਿਕਾਂ, ਪੁਲਿਸ ਅਤੇ ਫੌਜੀਆਂ ਨੂੰ ਮਾਫੀ ਦਿੱਤੀ ਜਾਵੇਗੀ ਤੇ ਔਰਤਾਂ ਨੂੰ ਮੁੱਢਲੀ ਤੇ ਉੱਚ ਸਿੱਖਿਆ ਦੀ ਅਜ਼ਾਦੀ ਹੋਵੇਗੀ। ਪਰ ਇਸ ਐਲਾਨ ਤੋਂ ਕੁਝ ਦਿਨਾਂ ਬਾਅਦ ਹੀ ਉਹ ਮੁੱਕਰ ਗਏ ਤੇ ਆਪਣੀਆਂ ਪੁਰਾਣੀਆਂ ਕਰਤੂਤਾਂ 'ਤੇ ਉੱਤਰ ਆਏ ਹਨ। ਪੱਤਰਕਾਰਾਂ ਤੇ ਬੁਰਕਾ ਨਾ ਪਹਿਨਣ ਵਾਲੀਆਂ ਔਰਤਾਂ ਦੀ ਸ਼ਰੇਆਮ ਪਿਟਾਈ ਅਤੇ ਪੰਜਸ਼ੀਰ ਘਾਟੀ ਵਿੱਚ ਗ੍ਰਿਫਤਾਰ ਕੀਤੇ ਗਏ ਅਨੇਕਾਂ ਸੈਨਿਕਾਂ ਅਤੇ ਆਮ ਲੋਕਾਂ ਨੂੰ ਕਤਲ ਕਰਨ ਦੀਆਂ ਤਸਵੀਰਾਂ ਅਤੇ ਵੀਡੀਉ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

ਤਾਲਿਬਾਨ ਦੇ ਲੀਡਰ ਭਾਰਤ ਬਾਰੇ ਆਪਾ ਵਿਰੋਧੀ ਬਿਆਨ ਦੇ ਰਹੇ ਹਨ। ਇੱਕ ਦਿਨ ਇੱਕ ਲੀਡਰ ਭਾਰਤ ਨਾਲ ਚੰਗੇ ਸਬੰਧ ਰੱਖਣ ਬਾਰੇ ਬਿਆਨ ਦਿੰਦਾ ਹੈ ਤੇ ਅਗਲੇ ਦਿਨ ਦੂਸਰਾ ਲੀਡਰ ਕਸ਼ਮੀਰ ਨੂੰ ਭਾਰਤ ਤੋਂ ਅਲੱਗ ਕਰਨ ਦੀ ਧਮਕੀ ਦੇ ਦਿੰਦਾ ਹੈ। ਤਾਲਿਬਾਨ ਭਾਰਤ ਨਾਲ ਕਦੇ ਵੀ ਚੰਗੇ ਸਬੰਧ ਨਹੀਂ ਰੱਖ ਸਕਦਾ ਕਿਉਂਕਿ ਕਸ਼ਮੀਰ ਨੂੰ ਭਾਰਤ ਤੋਂ ਅਲੱਗ ਕਰਨਾ ਆਈ.ਐਸ.ਆਈ., ਜੈਸ਼ੇ ਮੁਹੰਮਦ ਅਤੇ ਲਸ਼ਕਰੇ ਤੋਇਬਾ ਦਾ ਨੰਬਰ ਇੱਕ ਨਿਸ਼ਾਨਾ ਹੈ ਤੇ ਤਾਲਿਬਾਨ ਵਿੱਚ ਆਪਣੇ ਮਾਲਕ ਪਾਕਿਸਤਾਨ ਨੂੰ ਨਰਾਜ਼ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਭਾਰਤ ਵੱਲੋਂ ਬਾਲਾਕੋਟ ਟਰੇਨਿੰਗ ਸੈਂਟਰ 'ਤੇ ਕੀਤੇ ਗਏ ਹਵਾਈ ਹਮਲੇ (26 ਫਰਵਰੀ 2019) ਤੋਂ ਬਾਅਦ ਘਬਰਾਈਆਂ ਹੋਈਆਂ ਇਨ੍ਹਾਂ ਅੱਤਵਾਦੀ ਜਥੇਬੰਦੀਆਂ ਆਪਣੇ ਟਰੇਨਿੰਗ ਸੈਂਟਰ ਅਫਗਾਨਿਸਤਾਨ ਵਿੱਚ ਸਥਾਪਿਤ ਕਰ ਲਏ ਹਨ। ਹੁਣ ਓਨ੍ਹਾਂ ਦੇ ਭਾਰਤ ਪਾਕਿ ਸਰਹੱਦ ਦੇ ਨਜ਼ਦੀਕ ਸਿਰਫ ਬੇਸ ਕੈਂਪ ਹੀ ਰਹਿ ਗਏ ਹਨ ਜਿੱਥੋਂ ਉਹ ਅੱਤਵਾਦੀਆਂ ਨੂੰ ਭਾਰਤ ਵੱਲ ਧੱਕ ਸਕਦੇ ਹਨ। ਕੁਝ ਅਪੁਸ਼ਟ ਰਿਪੋਰਟਾਂ ਦੇ ਮੁਤਾਬਕ ਕਸ਼ਮੀਰ ਵਿੱਚ ਵਿਦੇਸ਼ੀ ਅੱਤਵਾਦੀਆਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਹੈ ਪਰ ਅਸਲੀ ਸਥਿੱਤੀ ਦਾ ਪਤਾ ਆਉਣ ਵਾਲੀ ਸਰਦੀ ਦੇ ਖਤਮ ਹੋਣ ਉਪਰੰਤ ਬਰਫ ਪਿਘਲਣ ਤੋਂ ਬਾਅਦ ਹੀ ਚੱਲੇਗਾ।

ਪਹਿਲੀ ਵਾਰ ਤਾਲਿਬਾਨ ਦਾ ਅਫਗਾਨਿਸਤਾਨ ਵਿੱਚ ਰਾਜ ਪਾਟ 1996 ਤੋਂ 2001 ਤੱਕ ਚੱਲਿਆ ਸੀ ਤੇ ਇਸ ਦੌਰਾਨ ਹੀ (1996 ਤੋਂ 1998) ਕਸ਼ਮੀਰ ਵਿੱਚ ਅੱਤਵਾਦ ਸਿਖਰ 'ਤੇ ਪਹੁੰਚ ਗਿਆ ਸੀ। ਸਿਰਫ ਦੋ ਸਾਲਾਂ ਵਿੱਚ ਹੀ 4496 ਅੱਤਵਾਦੀ ਘਟਨਾਵਾਂ ਹੋਈਆਂ ਸਨ ਜਿਨ੍ਹਾਂ ਦੇ ਫਲਸਵਰੂਪ 1600 ਆਮ ਨਾਗਰਿਕ ਮਾਰੇ ਗਏ, ਅਨੇਕਾਂ ਸੁਰੱਖਿਆ ਜਵਾਨ ਸ਼ਹੀਦ ਹੋਏ ਅਤੇ 3200 ਅੱਤਵਾਦੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਇਸ ਤੋਂ ਬਾਅਦ ਅੱਤਵਾਦ ਵਿੱਚ ਕੁਝ ਕਮੀ ਆਈ ਪਰ ਕਾਰਗਿਲ ਜੰਗ (3 ਮਈ 1999 ਤੋਂ 26 ਜੁਲਾਈ 1999) ਕਾਰਨ ਸੁਰੱਖਿਆ ਦਸਤਿਆਂ ਦਾ ਧਿਆਨ ਉਸ ਪਾਸੇ ਲੱਗ ਗਿਆ ਸੀ ਤੇ ਅੱਤਵਾਦੀਆਂ ਦੇ ਗਰੋਹ ਇਸ ਦਾ ਫਾਇਦਾ ਉਠਾ ਕੇ ਕਸ਼ਮੀਰ ਵਿੱਚ ਘੁਸਪੈਠ ਕਰ ਗਏ ਸਨ, ਜਿਸ ਕਾਰਨ ਅੱਤਵਾਦੀ ਘਟਨਾਵਾਂ ਫਿਰ ਵਧ ਗਈਆਂ ਸਨ। 1999 ਤੋਂ ਲੈ ਕੇ 2001 ਤੱਕ 3123 ਅੱਤਵਾਦੀ ਘਟਨਾਵਾਂ ਹੋਈਆਂ ਤੇ 1707 ਅੱਤਵਾਦੀ ਸੁਰੱਖਿਆਂ ਬਲਾਂ ਹੱਥੋਂ ਮਾਰੇ ਗਏ। ਪਰ ਹੁਣ ਸੁਰੱਖਿਆ ਦਸਤਿਆਂ ਦੀ ਸਖਤ ਮੁਸਤੈਦੀ, ਅਧੁਨਿਕ ਹਥਿਆਰਾਂ ਅਤੇ ਸਰਹੱਦ 'ਤੇ ਲਗਾਏ ਗਏ ਅਤਿ ਸੂਖਮ ਟੋਹੀ ਯੰਤਰਾਂ ਕਾਰਨ ਵਿਦੇਸ਼ੀ ਅੱਤਵਾਦੀਆਂ ਵਾਸਤੇ ਘੁਸਪੈਠ ਕਰਨੀ ਅਸਾਨ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਸ਼ਮੀਰੀ ਵੀ ਵਿਦੇਸ਼ੀ ਅੱਤਵਾਦੀਆਂ ਵੱਲੋਂ ਸਥਾਨਕ ਔਰਤਾਂ ਨਾਲ ਕੀਤੀ ਜਾਣ ਵਾਲੀ ਬਦਤਮੀਜ਼ੀ ਅਤੇ ਧੱਕੇਸ਼ਾਹੀ ਕਾਰਨ ਸੁਰੱਖਿਆ ਦਸਤਿਆਂ ਨੂੰ ਉਨ੍ਹਾਂ ਬਾਰੇ ਸੂਚਨਾ ਦੇਣ ਲਈ ਅੱਗੇ ਆਉਣ ਲੱਗ ਪਏ ਹਨ। ਮੋਬਾਇਲ ਫੋਨਾਂ ਅਤੇ ਸੋਸ਼ਲ ਮੀਡੀਆ ਨੇ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਪਰ ਅੱਤਵਾਦੀ ਵੀ ਨਵੀਆਂ ਤਕਨੀਤਾਂ ਦਾ ਸਹਾਰਾ ਲੈਣ ਲੱਗ ਪਏ ਹਨ। ਪੰਜਾਬ ਵਿੱਚ ਡਰੋਨਾਂ ਰਾਹੀਂ ਸੁੱਟੇ ਜਾ ਰਹੇ ਹਥਿਆਰ ਅਤੇ ਨਸ਼ੇ ਇਸ ਦੀ ਸਭ ਤੋਂ ਨਵੀਨ ਮਿਸਾਲ ਹੈ। ਉਹ ਆਪਣੇ ਅੱਤਵਾਦੀਆਂ ਨੂੰ ਬਾਰਡਰ ਪਾਰ ਕਰਦੇ ਸਮੇਂ ਸੁਰੱਖਿਆ ਦਸਤਿਆਂ ਹੱਥੋਂ ਮਰਨ ਤੋਂ ਬਚਾਉਣ ਲਈ ਸਮੁੰਦਰੀ ਰਸਤੇ ਅਤੇ ਨੇਪਾਲ ਰਾਹੀਂ ਭੇਜ ਰਹੇ ਹਨ। ਇਸ ਤੋਂ ਇਲਾਵਾ ਉਹ ਖੁਦ ਸਾਹਮਣੇ ਆਉਣ ਦੀ ਬਜਾਏ ਵੈੱਬਸਾਈਟਾਂ ਅਤੇ ਸੋਸ਼ਲ਼ ਮੀਡੀਆ ਰਾਹੀਂ ਕਸ਼ਮੀਰ ਤੋਂ ਨਵੇਂ ਰੰਗਰੂਟ ਭਰਤੀ ਕਰ ਰਹੇ ਹਨ। ਕਸ਼ਮੀਰ ਦੀ ਸੁਰੱਖਿਆ ਸਿਰਫ ਸੁਰੱਖਿਆ ਦਸਤਿਆਂ ਰਾਹੀਂ ਹੀ ਨਹੀਂ ਕੀਤੀ ਜਾ ਸਕਦੀ, ਇਸ ਲਈ ਕਸ਼ਮੀਰੀ ਜਨਤਾ ਨੂੰ ਵੀ ਭਾਗੀਦਾਰ ਬਣਾਉਣਾ ਪਵੇਗਾ। ਕਸ਼ਮੀਰ ਵਿੱਚ ਸਫਲਤਾ ਨਾਲ ਕਰਾਈਆਂ ਗਈਆਂ ਪੰਚਾਇਤ, ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦ ਚੋਣਾਂ ਕਾਰਨ ਆਮ ਜਨਤਾ ਵਿੱਚ ਭਾਰਤ ਪ੍ਰਤੀ ਵਤੀਰਾ ਹਾਂ ਪੱਖੀ ਹੋਇਆ ਹੈ ਤੇ ਉਹ ਬੇਸਬਰੀ ਨਾਲ ਅਸੈਂਬਲੀ ਚੋਣਾਂ ਦੀ ਉਡੀਕ ਕਰ ਰਹੇ ਹਨ। ਅੱਤਵਾਦ 'ਤੇ ਬਹੁਤ ਹੱਦ ਤੱਕ ਕੰਟਰੋਲ ਹੋ ਜਾਣ ਕਾਰਨ ਇਸ ਸਾਲ ਗਰਮੀਆਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਸੈਲਾਨੀ ਆਏ, ਜਿਸ ਕਾਰਨ ਕਸ਼ਮੀਰ ਦੇ ਅਰਥਚਾਰੇ ਨੂੰ ਅਰਬਾਂ ਰੁਪਏ ਦਾ ਫਾਇਦਾ ਹੋਇਆ ਹੈ। ਕਸ਼ਮੀਰੀ ਹੁਣ ਪੁਰਾਣੇ ਕਾਲੇ ਦਿਨਾਂ ਵੱਲ ਵਾਪਸ ਨਹੀਂ ਜਾਣਾ ਚਾਹੁੰਦੇ ਜਦੋਂ ਆਏ ਦਿਨ ਕਰਫਿਊ, ਪੱਥਰਬਾਜ਼ੀ ਅਤੇ ਬੰਦ ਦੀਆਂ ਕਾਲਾਂ ਕਾਰਨ ਉਨ੍ਹਾਂ ਦਾ ਕਚੂਮਰ ਨਿਕਲ ਗਿਆ ਸੀ। ਸਰਕਾਰ ਨੂੰ ਕਸ਼ਮੀਰੀਆਂ ਦਾ ਇਹ ਵਿਸ਼ਵਾਸ਼ ਬਣਾਈ ਰੱਖਣਾ ਪਵੇਗਾ ਤਾਂ ਜੋ ਇਥੇ ਤਾਲਿਬਾਨੀ, ਪਾਕਿਸਤਾਨੀ ਤੇ ਸਥਾਨਕ ਅੱਤਵਾਦੀਆਂ ਦੇ ਦੁਬਾਰਾ ਪੈਰ ਨਾ ਲੱਗ ਸਕਣ। •

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਦੀ ਫਿਲਮ 'ਪਾਣੀ 'ਚ ਮਧਾਣੀ' ਦਾ ਪਹਿਲਾ ਪੋਸਟਰ ਹੋਇਆ ਪ੍ਰਕਾਸ਼ਿਤ




ਚੰਡੀਗੜ੍ਹ- ਕਿਸੇ ਵੀ ਫਿਲਮ ਦੇ ਵੱਡੇ ਪਰਦੇ 'ਤੇ ਆਉਣ ਤੋਂ ਪਹਿਲਾਂ ਉਸ ਦੀ ਭੂਮਿਕਾ ਪੋਸਟਰ ਅਤੇ ਟ੍ਰੇਲਰ ਬਣਦੇ ਹਨ, ਜੋ ਦਰਸ਼ਕਾਂ ਨੂੰ ਆਕਰਸਿਲ੍ਹਤ ਕਰਦੇ ਹਨ। ਹਾਲ ਹੀ ਵਿਚ ਆਉਣ ਵਾਲੀ ਫਿਲਮ 'ਪਾਣੀ 'ਚ ਮਧਾਣੀ' ਦੇ ਨਿਰਮਾਤਾਵਾਂ ਨੇ ਫਿਲਮ ਦੇ ਪਹਿਲੇ ਲੁੱਕ ਪੋਸਟਰ ਦਾ ਖੁਲਾਸਾ ਕੀਤਾ ਹੈ ਅਤੇ ਟ੍ਰੇਲਰ 14 ਅਕਤੂਬਰ 2021 ਨੂੰ ਦਿਖਾਇਆ ਜਾਵੇਗਾ। ਦਾਰਾ ਮੋਸ਼ਨ ਪਿਕਚਰ ਪ੍ਰਾਈਵੇਟ ਲਿਮਟਿਡ ਨੇ ਇਸ ਫਿਲਮ ਨੂੰ ਪੇਸ਼ ਕੀਤਾ ਹੈ। ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਇਫਤਿਖਾਰ ਠਾਕੁਰ ਅਤੇ ਹਾਰਬੀ ਸੰਘਾ ਮੁੱਖ ਭੂਮਿਕਾਵਾਂ ਨਿਭਾਉਂਦੇ ਨਜ਼ਰ ਆਉਣਗੇ। ਇੱਕ ਵੱਖਰੀ ਸੋਚ ਵਾਲੇ ਨਿਰਦੇਸ਼ਕ ਦਾਦੂ ਉਰਫ ਵਿਜੇ ਕੁਮਾਰ ਅਰੋੜਾ ਨੇ ਫਿਲਮ ਦਾ ਨਿਰਦੇਸ਼ਨ ਕੀਤਾ ਹੈ ਅਤੇ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। ਸੰਨੀ ਰਾਜ ਅਤੇ ਡਾ: ਪ੍ਰਭਜੋਤ ਸਿੱਧੂ (ਸਿਆਟਲ, ਯੂ ਐਸ ਏ) ਨੇ ਨਿਰਮਾਣ ਕੀਤਾ ਹੈ। ਸੰਗੀਤ ਹੰਬਲ ਮਿਊਜ਼ਿਕ 'ਤੇ ਰਿਲੀਜ਼ ਕੀਤਾ ਜਾਵੇਗਾ। ਜਤਿੰਦਰ ਸ਼ਾਹ 'ਪਾਣੀ 'ਚ ਮਧਾਣੀ' ਦੇ ਸੰਗੀਤ ਨਿਰਦੇਸ਼ਕ ਹਨ। ਹੈਪੀ ਰਾਏਕੋਟੀ ਨੇ ਗੀਤਾਂ ਦੇ ਬੋਲ ਲਿਖੇ ਹਨ। ਇਸ ਫਿਲਮ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ, ਗਿੱਪੀ ਗਰੇਵਾਲ ਨੇ ਕਿਹਾ, "ਲਗਭਗ ਦੋ ਦਹਾਕਿਆਂ ਤੋਂ ਉਦਯੋਗ ਵਿਚ ਰਹਿਣ ਦੇ ਬਾਅਦ ਵੀ, ਹਰ ਨਵੇਂ ਪ੍ਰਾਜੈਕਟ ਦੀ ਸ਼ੁਰੂਆਤ ਅਜੇ ਵੀ ਕੈਮਰੇ ਦੇ ਸਾਹਮਣੇ ਮੇਰੇ ਪਹਿਲੇ ਦਿਨ ਦੀ ਤਰ੍ਹਾਂ ਉਤਸ਼ਾਹਿਤ ਹੈ ਅਤੇ 'ਪਾਣੀ 'ਚ ਮਧਾਣੀ' ਵੱਖਰੀ ਨਹੀਂ ਹੈ। ਮੈਂ ਉਮੀਦ ਕਰਦਾ ਹਾਂ ਕਿ ਅਸੀਂ ਦਰਸ਼ਕਾਂ ਦਾ ਹਮੇਸ਼ਾਂ ਵਾਂਗ ਮਨੋਰੰਜਨ ਕਰ ਸਕਾਂਗੇ।' ਇਸ ਸਮੇਂ, ਫਿਲਮ ਦੀ ਪ੍ਰਮੁੱਖ ਅਦਾਕਾਰਾ ਨੀਰੂ ਬਾਜਵਾ ਨੇ ਕਿਹਾ, "ਮੈਂ ਹਮੇਸ਼ਾਂ ਅਜਿਹੀ ਲੇਖ ਚੁਣਨ ਦੀ ਕੋਸਿਲ੍ਹਸ਼ ਕਰਦੀ ਹਾਂ, ਜਿਨ੍ਹਾਂ 'ਚ ਕੁਝ ਦੱਸਣ ਵਾਲਾ ਹੋਵੇ ਅਤੇ ਮੇਰਾ ਮੰਨਣਾ ਹੈ ਕਿ 'ਪਾਣੀ 'ਚ ਮਾਧਾਣੀ ਇਕ ਫਿਲਮ ਜਾਂ ਇਕ ਕਿਰਦਾਰ ਹੈ ਜੋ ਲੋਕਾਂ ਦੇ ਨਾਲ ਲੰਮੇ ਸਮੇਂ ਤੱਕ ਰਹੇਗੀ। ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਇਹ ਭੂਮਿਕਾ ਨਿਭਾਉਣੀ ਮਿਲੀ। ਮੈਨੂੰ ਪੋਸਟਰ ਬਹੁਤ ਪਸੰਦ ਆਇਆ ਅਤੇ ਮੈਨੂੰ ਉਮੀਦ ਹੈ ਕਿ ਲੋਕ ਇਸ ਫਿਲਮ ਨੂੰ ਵੀ ਪਸੰਦ ਕਰਨਗੇ।' ਗਿੱਪੀ ਗਰੇਵਾਲ ਦਾ ਨਵਾਂ ਅਵਤਾਰ ਤੁਹਾਨੂੰ ਹੈਰਾਨ ਕਰ ਦੇਵੇਗਾ ਅਤੇ ਨੀਰੂ ਬਾਜਵਾ ਦੀ ਸਦਾਬਹਾਰ ਅਦਾ ਫਿਰ ਤੋਂ ਵੱਡੇ ਪਰਦੇ 'ਤੇ ਤੁਹਾਡੇ ਦਿਲਾਂ ਨੂੰ ਚੋਰੀ ਕਰਨ ਲਈ ਤਿਆਰ ਹੈ। ਦਰਸ਼ਕ ਇਕ ਖਾਸ ਅਵਧੀ 'ਚ ਸਥਾਪਿਤ ਇੱਕ ਪ੍ਰੇਮ ਕਹਾਣੀ ਦੇ ਗਵਾਹ ਹੋਣਗੇ। 'ਪਾਣੀ 'ਚ ਮਧਾਣੀ' ਇਸ ਦੀਵਾਲੀ, 4 ਨਵੰਬਰ 2021 ਨੂੰ ਰਿਲੀਜ਼ ਹੋਣ ਲਈ ਤਿਆਰ ਹੈ ਚੰਡੀਗੜ੍ਹ- ਕਿਸੇ ਵੀ ਫਿਲਮ ਦੇ ਵੱਡੇ ਪਰਦੇ 'ਤੇ ਆਉਣ ਤੋਂ ਪਹਿਲਾਂ ਉਸ ਦੀ ਭੂਮਿਕਾ ਪੋਸਟਰ ਅਤੇ ਟ੍ਰੇਲਰ ਬਣਦੇ ਹਨ, ਜੋ ਦਰਸ਼ਕਾਂ ਨੂੰ ਆਕਰਸਿਲ੍ਹਤ ਕਰਦੇ ਹਨ। ਹਾਲ ਹੀ ਵਿਚ ਆਉਣ ਵਾਲੀ ਫਿਲਮ 'ਪਾਣੀ 'ਚ ਮਧਾਣੀ' ਦੇ ਨਿਰਮਾਤਾਵਾਂ ਨੇ ਫਿਲਮ ਦੇ ਪਹਿਲੇ ਲੁੱਕ ਪੋਸਟਰ ਦਾ ਖੁਲਾਸਾ ਕੀਤਾ ਹੈ ਅਤੇ ਟ੍ਰੇਲਰ 14 ਅਕਤੂਬਰ 2021 ਨੂੰ ਦਿਖਾਇਆ ਜਾਵੇਗਾ। ਦਾਰਾ ਮੋਸ਼ਨ ਪਿਕਚਰ ਪ੍ਰਾਈਵੇਟ ਲਿਮਟਿਡ ਨੇ ਇਸ ਫਿਲਮ ਨੂੰ ਪੇਸ਼ ਕੀਤਾ ਹੈ। ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਤੋਂ ਇਲਾਵਾ ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਇਫਤਿਖਾਰ ਠਾਕੁਰ ਅਤੇ ਹਾਰਬੀ ਸੰਘਾ ਮੁੱਖ ਭੂਮਿਕਾਵਾਂ ਨਿਭਾਉਂਦੇ ਨਜ਼ਰ ਆਉਣਗੇ। ਇੱਕ ਵੱਖਰੀ ਸੋਚ ਵਾਲੇ ਨਿਰਦੇਸ਼ਕ ਦਾਦੂ ਉਰਫ ਵਿਜੇ ਕੁਮਾਰ ਅਰੋੜਾ ਨੇ ਫਿਲਮ ਦਾ ਨਿਰਦੇਸ਼ਨ ਕੀਤਾ ਹੈ ਅਤੇ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। ਸੰਨੀ ਰਾਜ ਅਤੇ ਡਾ: ਪ੍ਰਭਜੋਤ ਸਿੱਧੂ (ਸਿਆਟਲ, ਯੂ ਐਸ ਏ) ਨੇ ਨਿਰਮਾਣ ਕੀਤਾ ਹੈ। ਸੰਗੀਤ ਹੰਬਲ ਮਿਊਜ਼ਿਕ 'ਤੇ ਰਿਲੀਜ਼ ਕੀਤਾ ਜਾਵੇਗਾ। ਜਤਿੰਦਰ ਸ਼ਾਹ 'ਪਾਣੀ 'ਚ ਮਧਾਣੀ' ਦੇ ਸੰਗੀਤ ਨਿਰਦੇਸ਼ਕ ਹਨ। ਹੈਪੀ ਰਾਏਕੋਟੀ ਨੇ ਗੀਤਾਂ ਦੇ ਬੋਲ ਲਿਖੇ ਹਨ। ਇਸ ਫਿਲਮ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ, ਗਿੱਪੀ ਗਰੇਵਾਲ ਨੇ ਕਿਹਾ, "ਲਗਭਗ ਦੋ ਦਹਾਕਿਆਂ ਤੋਂ ਉਦਯੋਗ ਵਿਚ ਰਹਿਣ ਦੇ ਬਾਅਦ ਵੀ, ਹਰ ਨਵੇਂ ਪ੍ਰਾਜੈਕਟ ਦੀ ਸ਼ੁਰੂਆਤ ਅਜੇ ਵੀ ਕੈਮਰੇ ਦੇ ਸਾਹਮਣੇ ਮੇਰੇ ਪਹਿਲੇ ਦਿਨ ਦੀ ਤਰ੍ਹਾਂ ਉਤਸ਼ਾਹਿਤ ਹੈ ਅਤੇ 'ਪਾਣੀ 'ਚ ਮਧਾਣੀ' ਵੱਖਰੀ ਨਹੀਂ ਹੈ। ਮੈਂ ਉਮੀਦ ਕਰਦਾ ਹਾਂ ਕਿ ਅਸੀਂ ਦਰਸ਼ਕਾਂ ਦਾ ਹਮੇਸ਼ਾਂ ਵਾਂਗ ਮਨੋਰੰਜਨ ਕਰ ਸਕਾਂਗੇ।' ਗਿੱਪੀ ਗਰੇਵਾਲ ਦਾ ਨਵਾਂ ਅਵਤਾਰ ਤੁਹਾਨੂੰ ਹੈਰਾਨ ਕਰ ਦੇਵੇਗਾ ਅਤੇ ਨੀਰੂ ਬਾਜਵਾ ਦੀ ਸਦਾਬਹਾਰ ਅਦਾ ਫਿਰ ਤੋਂ ਵੱਡੇ ਪਰਦੇ 'ਤੇ ਤੁਹਾਡੇ ਦਿਲਾਂ ਨੂੰ ਚੋਰੀ ਕਰਨ ਲਈ ਤਿਆਰ ਹੈ। ਦਰਸ਼ਕ ਇਕ ਖਾਸ ਅਵਧੀ 'ਚ ਸਥਾਪਿਤ ਇੱਕ ਪ੍ਰੇਮ ਕਹਾਣੀ ਦੇ ਗਵਾਹ ਹੋਣਗੇ। 'ਪਾਣੀ 'ਚ ਮਧਾਣੀ' ਇਸ ਦੀਵਾਲੀ, 4 ਨਵੰਬਰ 2021 ਨੂੰ ਰਿਲੀਜ਼ ਹੋਣ ਲਈ ਤਿਆਰ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515

Dr. Anjanpal Kaur Bhalla

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED



# ਲੜਕੀਆਂ ਖ਼ਿਲਾਫ਼ ਹਿੰਸਾ ਸਵੀਕਾਰ ਨਹੀਂ-ਆਯੂਸ਼ਮਾਨ ਖੁਰਾਣਾ

ਮੁੰਬਈ-ਬੱਚਿਆਂ ਵਿਰੁੱਧ ਹਿੰਸਾ ਖਤਮ ਕਰਨ ਵਾਲੀ ਮੁਹਿੰਮ (ਈਵੀਏਸੀ) ਲਈ ਯੂਨੀਸੈੱਫ ਦੇ ਸੈਲੀਬ੍ਰਿਟੀ ਐਡਵੋਕੇਟ ਅਦਾਕਾਰ ਆਯੂਸ਼ਮਾਨ ਖੁਰਾਣਾ ਨੇ ਅੱਜ ਕੌਮਾਂਤਰੀ ਬਾਲੜੀ ਦਿਵਸ ਮੌਕੇ ਕਿਹਾ ਕਿ ਲੜਕੀਆਂ ਖ਼ਿਲਾਫ਼ ਹਿੰਸਾ ਸਵੀਕਾਰ ਨਹੀਂ ਕੀਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਆਯੂਸ਼ਮਾਨ ਦੀ ਇਕ ਬੇਟੀ ਹੈ, ਜਿਸ ਦਾ ਨਾਂ ਵਰੁਸ਼ਕਾ ਹੈ। ਅਦਾਕਾਰ ਨੇ ਕਿਹਾ, "ਬੱਚਿਆਂ ਖ਼ਿਲਾਫ਼ ਹਿੰਸਾ ਖ਼ਤਮ ਕਰਨ ਲਈ ਯੂਨੀਸੈੱਫ ਦਾ ਸੈਲੀਬ੍ਰਿਟੀ ਐਡਵੋਕੇਟ ਹੋਣ ਦੇ ਨਾਤੇ ਮੇਰਾ ਮੰਨਣਾ ਹੈ ਕਿ ਬੱਚਿਆਂ ਨਾਲ ਭੇਦਭਾਵ ਤੇ ਹਿੰਸਾ ਸਵੀਕਾਰ ਨਹੀਂ ਕੀਤੀ ਜਾ ਸਕਦੀ। ਇਹ ਭਾਵਨਾ ਵਿਕਸਿਤ ਸਮਾਜ ਨੂੰ ਪਿੱਛੇ ਧੱਕਦੀ ਹੈ।" ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਲੜਕੀਆਂ ਨੂੰ ਆਪਣੇ ਘਰਾਂ ਵਿੱਚ ਮੋਬਾਈਲ ਜਾਂ ਇੰਟਰਨੈੱਟ ਦੀ ਸੀਮਤ ਪਹੁੰਚ ਦੇ ਨਾਲ-ਨਾਲ ਦੂਰ-ਦੁਰਾਡੇ ਤੋਂ ਸਿੱਖਿਆ ਹਾਸਲ ਕਰਨ, ਸਿਹਤ, ਪੋਸ਼ਣ ਅਤੇ ਸਮਾਜਿਕ ਜ਼ਰੂਰਤਾਂ ਲਈ ਮੁੰਡਿਆਂ ਮੁਕਾਬਲੇ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਲੌਕਡਾਊਨ ਦੌਰਾਨ ਕਿਸੇ ਹੱਦ ਤੱਕ ਲਿੰਗ ਆਧਾਰਿਤ ਹਿੰਸਕ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਆਯੂਸ਼ਮਾਨ ਨੇ ਕਿਹਾ ਕਿ ਲੜਕੀਆਂ ਸਾਹਮਣੇ ਆਉਣ ਵਾਲੀਆਂ ਬਹੁਤ ਸਾਰੀਆਂ ਚੁਣੌਤੀਆਂ ਅਤੇ ਵਿਤਕਰੇ ਵੱਲ ਧਿਆਨ ਦੇਣ ਦੀ ਲੋੜ ਹੈ। ਲੜਕੀਆਂ ਦੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।



# 'ਖੁਫੀਆ' 'ਚ ਜਾਸੂਸ ਦੀ ਭੂਮਿਕਾ ਨਿਭਾਏਗੀ ਵਾਮਿਕਾ ਗੱਬੀ

ਮੁੰਬਈ-ਫਿਲਮ ਅਦਾਕਾਰਾ ਵਾਮਿਕਾ ਗੱਬੀ ਨੇ ਅੱਜ ਸੋਸ਼ਲ ਮੀਡੀਆ ਤੇ ਦੱਸਿਆ ਕਿ ਉਸ ਨੇ ਹਾਲ ਹੀ ਵਿੱਚ ਵਿਸ਼ਾਲ ਭਾਰਦਵਾਜ ਦੀ ਜਾਸੂਸੀ ਥ੍ਰਿਲਰ ਫਿਲਮ 'ਖੁਫੀਆ' ਦੀ ਸ਼ੂਟਿੰਗ ਸ਼ੁਰੂ ਕੀਤੀ ਹੈ। ਨੈੱਟਫਲਿਕਸ ਦੇ ਇਸ ਪ੍ਰਾਜੈਕਟ ਵਿੱਚ ਤੱਬੂ, ਅਲੀ ਫਜ਼ਲ ਤੇ ਆਸ਼ੀਸ਼ ਵਿਦਿਆਰਥੀ ਵੀ ਨਜ਼ਰ ਆਉਣਗੇ। ਦਿੱਲੀ ਵਿੱਚ ਫਿਲਮ ਲਈ ਸ਼ੂਟਿੰਗ ਕਰ ਰਹੀ ਵਾਮਿਕਾ ਨੇ ਇੰਸਟਾਗ੍ਰਾਮ ਤੇ ਆਪਣੇ ਹੱਥ ਵਿੱਚ ਫੜੀ ਸਕਰਿਪਟ ਦੀ ਵੀਡੀਓ ਸਾਂਝੀ ਕਰਦਿਆਂ ਲਿਖਿਆ ਹੈ, 'ਚੁੱਪ ਚੁੱਪ ਚੁੱਪ! ਮੇਰੇ ਕੋਲ ਕੁਝ 'ਖੁਫੀਆ' ਕਾਗਜ਼ (ਸਕਰਿਪਟ) ਹਨ। 'ਨਵਾਂ ਪ੍ਰਾਜੈਕਟ' 'ਉਤਸੁਕ' ਨੈੱਟਫਲਿਕਸਇੰਡੀਆ। ਜ਼ਿਕਰਯੋਗ ਹੈ ਕਿ 28 ਸਾਲਾ ਅਦਾਕਾਰਾ ਇਸ ਤੋਂ ਪਹਿਲਾਂ ਹਿੰਦੀ, ਪੰਜਾਬੀ, ਮਲਿਆਲਮ, ਤਾਮਿਲ ਅਤੇ ਤੇਲਗੂ ਫਿਲਮਾਂ ਵਿੱਚ ਕੰਮ ਕਰ ਚੁੱਕੀ ਹੈ। ਹਾਲ ਹੀ ਵਿੱਚ ਵਾਮਿਕਾ ਡਿਜ਼ਨੀ-ਹੌਟਸਟਾਰ ਦੀ ਸੀਰੀਜ਼ 'ਗ੍ਰਹਿਣ' ਵਿੱਚ ਨਜ਼ਰ ਆਈ ਸੀ। ਗੌਰਤਲਬ ਹੈ ਕਿ 'ਖੁਫੀਆ' ਦੀ ਕਹਾਣੀ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਤੇ ਅਮਰ ਭੂਸ਼ਣ ਦੇ ਪ੍ਰਸਿੱਧ ਨਾਵਲ 'ਐਸਕੇਪ ਟੂ ਨੋਵੇਅਰ' ਤੋਂ ਪ੍ਰੇਰਿਤ ਹੈ। ਇਹ ਫਿਲਮ ਕ੍ਰਿਸ਼ਨਾ ਮਹਿਰਾ ਦੁਆਲੇ ਘੁੰਮਦੀ ਹੈ, ਜੋ 'ਰਾਅ' ਲਈ ਕੰਮ ਕਰਦੀ ਹੈ।








# ਐਵਾਰਡ ਜਿੱਤਣ ਨਾਲ ਮਿਲਦੀ ਹੈ ਚੰਗੇ ਕੰਮ ਦਾ ਪ੍ਰੇਰਨਾ-ਨਵਾਜ਼ੂਦੀਨ

ਫਿਲਮ 'ਸੀਰੀਅਸ ਮੈਨ' ਲਈ ਇੰਟਰਨੈਸ਼ਨਲ ਐਮੀ ਐਵਾਰਡਜ਼ ਵਿੱਚ ਸਰਵੋਤਮ ਅਦਾਕਾਰ ਸ਼੍ਰੇਣੀ ਵਿੱਚ ਚੁਣੇ ਗਏ ਅਭਿਨੇਤਾ ਨਵਾਜ਼ੂਦੀਨ ਸਿੱਦੀਕੀ ਨੇ ਆਪਣੀ ਜ਼ਿੰਦਗੀ ਵਿੱਚ ਐਵਾਰਡਾਂ ਦੀ ਅਹਿਮੀਅਤ ਬਾਰੇ ਦੱਸਿਆ ਹੈ। ਗੱਲਬਾਤ ਦੌਰਾਨ ਨਵਾਜ਼ੂਦੀਨ ਨੇ ਕਿਹਾ, "ਕਿਹੜੀ ਥਾਂ ਤੋਂ ਐਵਾਰਡ ਮਿਲਦਾ ਹੈ, ਇਹ ਜ਼ਿਆਦਾ ਮਹੱਤਤਾ ਰੱਖਦਾ ਹੈ। ਇਹ ਤੁਹਾਨੂੰ ਚੰਗਾ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ ਤੇ ਉਹ ਵੀ ਤਦੇ, ਜੇ ਐਵਾਰਡ ਸਮਾਗਮ ਦੀ ਚੰਗੀ ਸਾਖ਼ ਵੀ ਹੋਵੇ। ਜਿਵੇਂ ਇਹ ਐਵਾਰਡ ਐਮੀ ਨਾਲ ਸੰਬੰਧਤ ਹੈ ਤਾਂ ਇਹ ਗੱਲ ਸਾਫ ਹੈ ਕਿ ਉਨ੍ਹਾਂ ਆਪਣੀ ਸਾਖ਼ ਬਣਾਉਣ ਲਈ ਕਾਫੀ ਮਿਹਨਤ ਕੀਤੀ ਹੈ। ਉਨ੍ਹਾਂ ਚੰਗੇ ਸਿਨੇਮਾ ਨੂੰ ਹੱਲਾਸ਼ੇਰੀ ਦਿੱਤੀ ਹੈ।" ਵਰਨਣ ਯੋਗ ਹੈ ਕਿ ਇਸ ਫਿਲਮ 'ਸੀਰੀਅਸ ਮੈਨ ਦੀ ਕਹਾਣੀ ਮਨੂ ਜੋਸਫ ਵੱਲੋਂ ਲਿਖੀ ਇਸੇ ਟਾਈਟਲ ਵਾਲੀ ਇੱਕ ਕਿਤਾਬ ਉੱਤੇ ਆਧਾਰਤ ਹੈ। ਸੁਧੀਰ ਮਿਸ਼ਰਾ ਦੀ ਨਿਰਦੇਸ਼ਤ ਇਹ ਫਿਲਮ ਭਾਰਤੀ ਸੰਦਰਭ ਵਿੱਚ ਜੀਵਨ ਦੇ ਟੀਚੇ ਅਤੇ ਜਾਤ ਆਧਾਰਤ ਰਾਜਨੀਤੀ ਉੱਤੇ ਤਿੱਖੀ ਚੋਟ ਕਰਦੀ ਹੈ।

# ਮਨੀ ਲਾਂਡਰਿੰਗ ਕੇਸ 'ਚ ਅਦਾਕਾਰਾ ਨੋਰਾ ਫਤੇਹੀ ਈਡੀ ਅੱਗੇ ਪੇਸ਼

ਨਵੀਂ ਦਿੱਲੀ-ਅਦਾਕਾਰਾ ਨੂਰਾ ਫਤੇਹੀ (29) ਭ੍ਰਿਸ਼ਟਾਚਾਰ ਨਾਲ ਸਬੰਧਤ ਇਕ ਕੇਸ ਵਿੱਚ ਅੱਜ ਐੱਨਫੋਰਸਮੈਂਟ ਡਾਇਰੈਕਟੋਰੇਟ ਅੱਗੇ ਪੇਸ਼ ਹੋਈ। ਅਦਾਕਾਰਾ ਨੇ ਕਥਿਤ ਜਾਅਲਸਾਜ਼ ਸੁਕੇਸ਼ ਚੰਦਰਸ਼ੇਖਰ ਤੇ ਉਸ ਦੀ ਅਦਾਕਾਰ ਪਤਨੀ ਲੀਨਾ ਮਾਰੀਆ ਪੌਲ ਖ਼ਿਲਾਫ਼ ਦਰਜ ਕਾਲੇ ਧਨ ਨੂੰ ਸਫ਼ੇਦ ਬਣਾਉਣ ਦੇ ਕੇਸ ਵਿੱਚ ਆਪਣੇ ਬਿਆਨ ਦਰਜ ਕਰਵਾਏ। ਸੂਤਰਾਂ ਨੇ ਕਿਹਾ ਕਿ ਫਤੇਹੀ ਨੇ ਏਜੰਸੀ ਦਫ਼ਤਰ ਵਿੱਚ ਪੇਸ਼ ਹੋ ਕੇ ਕਾਲੇ ਧਨ ਨੂੰ ਸਫ਼ੇਦ ਬਣਾਉਣ ਤੋ ਰੋਕਦੇ ਐਕਟ ਦੀਆਂ ਵਿਵਸਥਾਵਾਂ ਤਹਿਤ ਆਪਣੇ ਬਿਆਨ ਕਲਮਬੰਦ ਕਰਵਾਏ। ਏਜੰਸੀ ਇਸ ਤੋਂ ਪਹਿਲਾਂ ਇਕ ਹੋਰ ਅਦਾਕਾਰਾ ਜੈਕੁਲਿਨ ਫਰਨਾਂਡੇਜ਼ ਤੋਂ ਵੀ ਇਸ ਮਾਮਲੇ ਵਿੱਚ ਪੁੱਛ-ਪੜਤਾਲ ਕਰ ਚੁੱਕੀ ਹੈ ਤੇ ਉਸ ਨੂੰ ਮੁੜ ਏਜੰਸੀ ਅੱਗੇ ਪੇਸ਼ ਹੋਣ ਲਈ ਆਖਿਆ ਜਾ ਸਕਦਾ ਹੈ।

# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street, Surrey, BC V3V 4W8**

**6303 Fraser Street, Vancouver BC**

Fruiticana

# Diwali FREE GIVEAWAY 2021

Oct 4th to Nov 1st

Fruiticana hee jaana!

ITEMS MAY NOT BE THE SAME

## WINNER EVERY DAY

ENTER TO WIN FREE PRIZES EVERYDAY

PLEASE GET YOUR COUPON FROM THE CASHIER

HOME APPLIANCES
Sponsored by
Teja
BRAR'S SAMOSAS
BRAR'S DAIRY
SHER

# KELOWNA STORE OPENING SOON !

## LOWEST PRICES IN TOWN ਸ਼ਹਿਰ ਦੇ ਸੱਭ ਤੋਂ ਘੱਟ ਦਾਮ

Zucchini Squash
ਜ਼ੁਕੀਨੀ ਸਕੁਐਸ਼
88¢ lb

Green or Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.98 lb

Opo Squash
ਓਪੋ ਕੱਦੂ
79¢ lb

Pomegranate (Anar)
ਅਨਾਰ
$1.49 ea.

Small Taro (Urbi)
ਅਰਬੀ (ਛੋਟੀ ਤਾਰੋ)
89¢ lb

English Cucumbers
ਇੰਗਲਿਸ਼ ਖੀਰੇ
98¢ ea.

Fresh Ginger
ਤਾਜ਼ਾ ਅਦਰਕ
$1.49 lb

**Extra Extra Super Special**
Golden Temple Flour 20 lbs
ਗੋਲਡਨ ਟੈਂਪਲ ਆਟਾ
$10.99 bag

**Extra Super Super Special**
Sher Besan (Chana Flour) 4 lbs
ਸ਼ੇਰ ਵੇਸਣ
$3.98 bag

**Extra Super Super Special**
Okra
ਭਿੰਡੀ
$1.88 lb

**Super Special**
Cilantro
ਧਨੀਆ
3 bunches for 99¢

**Super Special**
Indican Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag

**Super Special**
Punjabi Pure Cane Sugar (Indican) 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$5.99 bag

**Super Special**
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$3.99 pkg.

**Super Special**
Yellow Onions 50 lbs
ਪੀਲੇ ਗੰਢੇ
$10.98 bag

**Super Special**
Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

BC Gala & Ambrosia Apples
ਬੀਸੀ ਗਾਲਾ ਅਤੇ ਅੰਬਰੋਸਿਯਾ ਸੇਬ
78¢ lb

Red Delicious Apples BC
ਲਾਲ ਸਵਾਦ ਸੇਬ ਬੀਸੀ
59¢ lb

Sunbec Table Salt 1 kg
ਸਨਬਿੱਕ ਲੂਣ
98¢ ea.

Rapini (Sarson da Saag)
ਸਰਸੋਂ ਦਾ ਸਾਗ
$2.88 bunch

Red, Yellow & Orange Bell Peppers
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ)
98¢ lb

Butter Delight Cookies 75 g
ਬਟਰ ਕੁਕੀਜ਼ 75 ਗ੍ਰਾਮ
2 for 99¢

Butter Delight Cookies 600 g
ਬਟਰ ਕੁਕੀਜ਼ 600 ਗ੍ਰਾਮ
$2.99 pkg.

Marie Cookies (Parliament) 250 g
ਪਾਰਲੀਮੈਂਟ ਮੈਰੀ ਕੁਕੀਜ਼ 250 ਗ੍ਰਾਮ
99¢ pkg.

Marie Cookies 83.9 g
ਮੈਰੀ ਕੁਕੀਜ਼ 83.9 ਗ੍ਰਾਮ
2 for 99¢

Cashew Crunch Cookies (Parliament) 600 g
ਕਾਜੂ ਕਰੰਚ ਕੁਕੀਜ਼
$2.99 pkg.

Pesi Gur Plain
ਪੇਸ਼ੀ ਗੁੜ
$2.49 lb

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Product images may differ from the actual product.

**Fri Oct 15, 2021 - Wed Oct 20, 2021**
We reserve the right to limit the quantities while they last

NEW LOCATION NOW OPEN
101-331 6TH STREET
NEW WESTMINSTER, BC
TEL: 604-395-3595

Head Office: 7676 Anvil Way, Surrey
604-502-0005
www.fruiticana.com

BUSINESS HOURS
9AM - 9PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |